# ਨਸਲਵਾਦ ਵਿਰੋਧੀ ਡੇਟਾ ਕਾਨੂੰਨ - ਵੈਬਸਾਈਟ ਸਮੱਗਰੀ

23 ਸਤੰਬਰ, 2022 ਨੂੰ, ਸੂਬੇ ਨੇ ਨਸਲਵਾਦ-ਵਿਰੋਧੀ ਡੇਟਾ ਕਮੇਟੀ ਦੇ 11 ਮੈਂਬਰਾਂ ਦੀ ਘੋਸ਼ਣਾ ਕੀਤੀ, ਜੋ ਪਬਲਿਕ ਸੈਕਟਰ ਵਿੱਚ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਲਈ ਸਰਕਾਰ ਦੇ ਨਾਲ ਸਹਿਯੋਗ ਕਰਨਗੇ। ਇਹਨਾਂ ਵਿਅਕਤੀਆਂ ਬਾਰੇ ਹੋਰ ਜਾਣੋ ਜੋ ਆਪਣੇ ਵਿਚਾਰ ਸਾਂਝੇ ਕਰ ਰਹੇ ਹਨ।

## ਬਿਹਤਰ ਕਰਨ ਦਾ ਮੌਕਾ

ਸੂਬਾਈ ਸਰਕਾਰ BC ਨੂੰ ਹਰੇਕ ਲਈ ਇੱਕ ਵਧੇਰੇ ਬਰਾਬਰੀ ਵਾਲਾ, ਸਮਾਵੇਸ਼ੀ ਅਤੇ ਸੁਆਗਤ ਕਰਨ ਵਾਲਾ ਸੂਬਾ ਬਣਾਉਣ ਲਈ ਸਖਤ ਮਿਹਨਤ ਕਰ ਰਹੀ ਹੈ। ਇਸ ਕੰਮ ਦਾ ਸਮਰਥਨ ਕਰਨ ਦੇ ਤਰੀਕਿਆਂ ਵਿੱਚੋਂ ਇੱਕ ਨਵਾਂ ਕਾਨੂੰਨ ਹੋਵੇਗਾ ਜੋ ਸੂਬਾਈ ਸਰਕਾਰ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਪ੍ਰਣਾਲੀਗਤ ਨਸਲੀ ਅਤੇ ਹੋਰ ਅਸਮਾਨਤਾਵਾਂ ਨੂੰ ਪਛਾਣਨ ਅਤੇ ਹੱਲ ਕਰਨ ਵਿੱਚ ਮਦਦ ਕਰੇਗਾ।
ਪ੍ਰਣਾਲੀਗਤ ਨਸਲਵਾਦ ਉਦੋਂ ਵਾਪਰਦਾ ਹੈ ਜਦੋਂ ਇੰਡੀਜਨਸ (ਮੂਲਵਾਸੀ) , ਕਾਲੇ ਅਤੇ ਹੋਰ ਨਸਲੀ ਭਾਈਚਾਰਿਆਂ ਦੀ ਕੁਝ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਮਾੜੀ ਪਹੁੰਚ ਹੁੰਦੀ ਹੈ, ਜਾਂ ਜਦੋਂ ਉਹ ਉਹਨਾਂ ਤੱਕ ਪਹੁੰਚ ਕਰਦੇ ਹਨ ਤਾਂ ਸਮੁੱਚੇ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲੋਂ ਮਾੜੇ ਨਤੀਜੇ ਹੁੰਦੇ ਹਨ।

ਹਾਲਾਂਕਿ, ਹੋ ਸਕਦਾ ਹੈ ਕਿ ਵਿਤਕਰਾ ਜਾਣਬੁੱਝ ਕੇ ਨਾ ਕੀਤਾ ਗਿਆ ਹੋਵੇ, ਇਹ ਇੱਕ ਪ੍ਰਣਾਲੀਗਤ ਸਮੱਸਿਆ ਹੈ ਜਿਸ ਨੂੰ ਸਾਨੂੰ ਸਮਝਣ ਅਤੇ ਪਛਾਣਨ ਦੀ ਲੋੜ ਹੈ ਤਾਂ ਜੋ ਅਸੀਂ ਇਸਨੂੰ ਠੀਕ ਕਰ ਸਕੀਏ। ਇਸ ਲਈ ਸੂਬਾਈ ਸਰਕਾਰ ਅਤੇ ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਸੰਸਦੀ ਸਕੱਤਰ ਰਚਨਾ ਸਿੰਘ ਨਸਲ, ਜਾਤ, ਵਿਸ਼ਵਾਸ, ਲਿੰਗ, ਸੈਕਸ, ਯੋਗਤਾ, ਆਮਦਨ ਅਤੇ ਹੋਰ ਸਮਾਜਿਕ ਪਛਾਣ ਨਿਸ਼ਾਨਾਂ 'ਤੇ ਜਨਸੰਖਿਆ ਸੰਬੰਧੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਇਕੱਠਾ ਕਰਨ ਅਤੇ ਸੁਰੱਖਿਅਤ ਢੰਗ ਨਾਲ ਵਿਸ਼ਲੇਸ਼ਣ ਕਰਨ ਲਈ ਇੱਕ ਪ੍ਰਣਾਲੀ ਦੀ ਸ਼ੁਰੂਆਤ ਕਰਨ ਲਈ BC ਦੇ ਮਨੁੱਖੀ ਅਧਿਕਾਰ ਕਮਿਸ਼ਨਰ, ਫਰਸਟ ਨੇਸ਼ਨਜ਼ ਅਤੇ ਮੈਟੀ ਲੀਡਰਸ਼ਿਪ, ਨਸਲੀ ਭਾਈਚਾਰਿਆਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਹੋਰ ਲੋਕਾਂ ਨਾਲ ਕੰਮ ਕਰ ਰਹੀ ਹੈ।

ਇਸ ਡੇਟਾ ਨੂੰ ਸਹੀ ਤਰੀਕੇ ਨਾਲ ਇਕੱਠਾ ਕਰਨਾ ਅਤੇ ਵਰਤਣਾ ਇਹ ਦਰਸਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਪ੍ਰਣਾਲੀਗਤ ਅਸਮਾਨਤਾਵਾਂ ਕਿੱਥੇ ਹਨ ਤਾਂ ਜੋ ਅਸੀਂ ਵਿਤਕਰੇ, ਅਸਮਾਨਤਾਵਾਂ ਅਤੇ ਸੇਵਾਵਾਂ ਵਿੱਚ ਰੁਕਾਵਟਾਂ ਦੇ ਮੁੱਦਿਆਂ ਨੂੰ ਹੱਲ ਕਰ ਸਕੀਏ।

ਲੋਕਾਂ ਦੀ ਗੋਪਨੀਯਤਾ ਦੀ ਰੱਖਿਆ ਕਰਨਾ ਅਤੇ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ ਸਭ ਤੋਂ ਵੱਡੀ ਤਰਜੀਹ ਹੈ।

ਇਸ ਮਹੱਤਵਪੂਰਨ ਅਤੇ ਨਾਜ਼ੁਕ ਅੰਕੜਿਆਂ ਦੀ ਜਾਣਕਾਰੀ ਇਕੱਠੀ ਕਰਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਸਰਕਾਰੀ ਸੇਵਾਵਾਂ ਬਰਾਬਰੀ ਨਾਲ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ BC ਵਿੱਚ ਸਾਰੇ ਲੋਕਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਸਦਾ ਮਤਲਬ ਇਹ ਵੀ ਹੋਵੇਗਾ ਕਿ ਭਾਈਚਾਰਿਆਂ ਕੋਲ ਉਹਨਾਂ ਤਬਦੀਲੀਆਂ ਦਾ ਸਮਰਥਨ ਕਰਨ ਲਈ ਜ਼ਰੂਰੀ ਜਾਣਕਾਰੀ ਹੈ ਜੋ ਅਸਲ ਵਿੱਚ ਫਰਕ ਲਿਆਵੇਗੀ।

### ਕਾਨੂੰਨ ਬਾਰੇ ਜਾਣੋ

### ਕਾਨੂੰਨ ਦੀ ਲੋੜ ਕਿਉਂ ਹੈ

ਸਰਕਾਰ ਜਨਸੰਖਿਆ ਸੰਬੰਧੀ ਕੁਝ ਡੇਟਾ ਇਕੱਠਾ ਕਰ ਸਕਦੀ ਹੈ। ਹਾਲਾਂਕਿ, ਇਹ ਇਕਸਾਰ ਤਰੀਕੇ ਨਾਲ ਨਹੀਂ ਕੀਤਾ ਜਾਂਦਾ ਹੈ, ਅਤੇ ਇਸ ਨੂੰ ਕਿਵੇਂ ਇਕੱਠਾ ਕੀਤਾ ਜਾਂਦਾ ਹੈ, ਇਸਨੂੰ ਕਿਵੇਂ ਸਾਂਝਾ ਕੀਤਾ ਜਾਂਦਾ ਹੈ, ਅਤੇ ਇਸ ਤੱਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਹੈ ਇਸ ਵਿੱਚ ਅੰਤਰ ਹਨ।

**ਜਿਆਦਾ ਜਾਣੋ**

**ਭਾਈਚਾਰਿਆਂ ਨਾਲ ਗੱਲਬਾਤ ਕਰਨਾ**

ਸਤੰਬਰ 2021 ਤੋਂ ਮਾਰਚ 2022 ਤੱਕ ਸਰਕਾਰ ਨੇ ਇੰਡੀਜਨਸ ਲੋਕਾਂ ਅਤੇ ਨਸਲੀ ਭਾਈਚਾਰਿਆਂ ਤੋਂ ਇਹ ਸੁਣਨ ਲਈ ਕਮਿਊਨਿਟੀ ਸੰਸਥਾਵਾਂ ਨਾਲ ਕੰਮ ਕੀਤਾ ਕਿ ਕਿਵੇਂ ਨਸਲ-ਆਧਾਰਿਤ ਡੇਟਾ ਨੂੰ ਸੁਰੱਖਿਅਤ ਢੰਗ ਨਾਲ ਇਕੱਠਾ ਕਰਨਾ ਅਤੇ ਵਰਤਣਾ ਹੈ ਜੋ ਕਿ ਨਸਲਵਾਦ ਨੂੰ ਨਿਸ਼ਾਨਾ ਬਣਾਉਣ ਲਈ ਕੰਮ ਵਿੱਚ ਇੱਕ ਫਰਕ ਲਿਆਵੇਗਾ।

**ਵੇਰਵੇ ਪ੍ਰਾਪਤ ਕਰੋ**

**'ਵ੍ਹਾਟ ਦੇ ਹਰਡ' (*What They Heard* ) ਰਿਪੋਰਟਾਂ ਦੀ ਪੜਚੋਲ ਕਰੋ**

**ਤੁਹਾਡੇ ਡੇਟਾ ਨੂੰ ਸੁਰੱਖਿਅਤ ਰੱਖਣਾ**

**ਲੋਕਾਂ ਦੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੁਰੱਖਿਅਤ ਕੀਤਾ ਜਾਂਦਾ ਹੈ, ਇਸ ਬਾਰੇ ਸੂਬੇ ਦੇ ਸਖ਼ਤ ਕਾਨੂੰਨ ਅਤੇ ਸੁਰੱਖਿਆ ਪ੍ਰੋਟੋਕੋਲ ਹਨ। ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਲੋਕਾਂ ਦੀ ਜਾਣਕਾਰੀ ਇਹਨਾਂ ਸੁਰੱਖਿਆ ਅਤੇ ਸੁਰੱਖਿਆ ਲੋੜਾਂ ਨੂੰ ਪੂਰਾ ਕਰਦੀ ਹੈ, ਇੰਡੀਜਨਸ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਕੰਮ ਕਰਦੇ ਹੋਏ, ਉਹਨਾਂ ਸੁਰੱਖਿਆਵਾਂ 'ਤੇ ਆਧਾਰਿਤ ਹੋਵੇਗੀ, ਜਦੋਂ ਕਿ ਇਹ ਯਕੀਨੀ ਬਣਾਉਂਦੇ ਹੋਏ ਕਿ ਇਸ ਡੇਟਾ ਦੀ ਇਕੱਤਰਤਾ ਅਤੇ ਵਰਤੋਂ ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਨੂੰ ਜ਼ਿਆਦਾ ਨੁਕਸਾਨ ਨਹੀਂ ਪਹੁੰਚਾਉਂਦੀ ਹੈ।**

**ਜਿਆਦਾ ਜਾਣੋ**

ਪੰਜ ਟੌਪੀਕਲ ਰਿਪੋਰਟਾਂ ਵਿੱਚ ਇਸ ਬੁਨਿਆਦੀ ਰੁਝੇਵਿਆਂ ਦੇ ਨਤੀਜਿਆਂ ਨੂੰ ਦੇਖੋ।

ਰਿਪੋਰਟਾਂ ਦੇਖੋ

## ਅੱਗੇ ਕੀ?

ਨਸਲਵਾਦ ਵਿਰੋਧੀ ਡੇਟਾ ਐਕਟ 2 ਜੂਨ, 2022 ਨੂੰ ਕਾਨੂੰਨ ਬਣਿਆ ਸੀ। ਇਹ ਕਾਨੂੰਨ ਫਰਸਟ ਨੇਸ਼ਨ ਲੀਡਰਸ਼ਿਪ ਕੌਂਸਲ ਅਤੇ ਮੈਟੀ ਨੇਸ਼ਨ BC ਦੇ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ। ਮਨੁੱਖੀ ਅਧਿਕਾਰ ਕਮਿਸ਼ਨਰ (Human Rights Commissioner) ਦੇ ਦਫ਼ਤਰ ਅਤੇ ਬਹੁ-ਸੱਭਿਆਚਾਰਕ ਸਲਾਹਕਾਰ ਕੌਂਸਲ (Multicultural Advisory Council) ਦੀ ਵੀ ਇਨਪੁਟ ਦੇਣ ਵਿੱਚ ਮੁੱਖ ਭੂਮਿਕਾ ਰਹੀ ਹੈ। ਨਵਾਂ ਕਾਨੂੰਨ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਕਰਨ ਅਤੇ ਇਸਨੂੰ ਖਤਮ ਕਰਨ ਲਈ ਸੂਬਾਈ ਸਰਕਾਰ ਲਈ ਇਕਸਾਰ ਅਤੇ ਸੁਰੱਖਿਅਤ ਤਰੀਕੇ ਨਾਲ ਜਨਸੰਖਿਆ ਸੰਬੰਧੀ ਡੇਟਾ ਨੂੰ ਇਕੱਠਾ ਕਰਨਾ ਅਤੇ ਸਾਂਝਾ ਕਰਨਾ ਸੰਭਵ ਬਣਾਵੇਗਾ। ਇਹ ਇਸ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ ਕਿ ਪ੍ਰਣਾਲੀਗਤ ਨਸਲਵਾਦ ਕਿੱਥੇ ਹੋ ਰਿਹਾ ਹੈ ਅਤੇ ਇੱਕ ਵਧੇਰੇ ਸਮਾਵੇਸ਼ੀ, ਨਿਰਪੱਖ ਸੂਬਾ ਬਣਾਉਣ ਵਿੱਚ ਮਦਦ ਕਰੇਗਾ।

ਸੂਬਾਈ ਸਰਕਾਰ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਕੰਮ ਕਰਨਾ ਜਾਰੀ ਰੱਖੇਗੀ ਕਿ ਕਿਵੇਂ ਅਤੇ ਕਿਹੜੀ ਸਾਂਖਿਅਕੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ, ਅਤੇ ਇਸਨੂੰ ਕਿਵੇਂ ਸਾਂਝਾ ਅਤੇ ਸੁਰੱਖਿਅਤ ਕੀਤਾ ਜਾਵੇਗਾ।

[ਵੇਰਵੇ ਪ੍ਰਾਪਤ ਕਰੋ]

**ਮੈਂ ਸਹਾਇਤਾ ਤੱਕ ਕਿਵੇਂ ਪਹੁੰਚ ਸਕਦਾ/ਸਕਦੀ ਹਾਂ?**

ResilienceBC ਨਫਰਤ ਵਾਲੇ ਅਪਰਾਧਾਂ ਅਤੇ ਘਟਨਾਵਾਂ ਦਾ ਜਵਾਬ ਦੇਣ ਅਤੇ ਰਿਪੋਰਟ ਕਰਨ ਦੇ ਤਰੀਕੇ ਬਾਰੇ ਸਰੋਤ ਪ੍ਰਦਾਨ ਕਰਦਾ ਹੈ।

Visit ResilienceBC: resiliencebc.ca/report-support/hate-crimes-in-bc/

## ਕਾਨੂੰਨ ਬਾਰੇ

2 ਮਈ, 2022 ਨੂੰ, ਸਰਕਾਰ ਨੇ ਨਸਲਵਾਦ ਵਿਰੋਧੀ ਡੇਟਾ ਐਕਟ, ਨਵਾਂ ਕਾਨੂੰਨ ਪੇਸ਼ ਕੀਤਾ ਜਿਸਦਾ ਉਦੇਸ਼ ਸੀ:

- ਪ੍ਰੋਗਰਾਮਾਂ ਤੱਕ ਪਹੁੰਚ ਕਰਨ ਲਈ ਲੋਕਾਂ ਦੀਆਂ ਰੁਕਾਵਟਾਂ ਨੂੰ ਖਤਮ ਕਰਨਾ ;
- ਇਹ ਯਕੀਨੀ ਬਣਾਉਣਾ ਕਿ ਨਸਲੀਕਿਰਤ ਲੋਕਾਂ ਨੂੰ ਅਨੁਪਾਤਕ ਤੌਰ 'ਤੇ ਨਿਸ਼ਾਨਾ ਨਾ ਬਣਾਇਆ ਜਾਵੇ;
- ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣਾ ਤਾਂ ਜੋ ਜ਼ਿਆਦਾ ਲੋਕ ਆਪਣੀ ਲੋੜੀਂਦੀ ਮਦਦ ਪ੍ਰਾਪਤ ਕਰਨ ਲਈ ਸੁਰੱਖਿਅਤ ਮਹਿਸੂਸ ਕਰ ਸਕਣ।

ਇਹ ਐਕਟ 2 ਜੂਨ, 2022 ਨੂੰ ਕਾਨੂੰਨ ਬਣਿਆ ਸੀ।

ਇਸ ਕਾਨੂੰਨ ਵਿੱਚ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਦੇ ਨਾਲ-ਨਾਲ ਮੁੱਖ ਹਿੱਸੇਦਾਰਾਂ ਜਿਵੇਂ ਕਿ BC ਹਿਊਮਨ ਰਾਈਟਸ ਕਮਿਸ਼ਨਰ, ਫਰਸਟ ਨੇਸ਼ਨਜ਼ ਲੀਡਰਸ਼ਿਪ ਕੌਂਸਲ, ਬੀ ਸੀ ਐਸੋਸੀਏਸ਼ਨ ਆਫ ਐਬੋਰੀਜਨਲ ਫਰੈਂਡਸ਼ਿਪ ਸੈਂਟਰ ਅਤੇ ਮੈਟੀ ਨੇਸ਼ਨ BC ਦੇ ਨਾਲ ਸ਼ਮੂਲੀਅਤ ਦੇ ਮਾਧਿਅਮ ਨਾਲ 13,000 ਤੋਂ ਵੱਧ ਬ੍ਰਿਟਿਸ਼ ਕੋਲੰਬੀਅਨ ਲੋਕਾਂ ਦੇ ਵਿਚਾਰਾਂ ਨੂੰ ਸ਼ਾਮਿਲ ਕੀਤਾ ਗਿਆ। ਇਹ ਇੰਡੀਜਨਸ ਪੀਪਲਜ਼ ਐਕਟ ਦੇ ਐਲਾਨਨਾਮੇ ਦੇ ਤਹਿਤ ਇੰਡੀਜਨਸ ਲੋਕਾਂ ਦੇ ਨਾਲ ਸਹਿ-ਵਿਕਸਤ ਕੀਤੇ ਜਾਣ ਵਾਲੇ ਕਾਨੂੰਨ ਦੇ ਪਹਿਲੇ ਭਾਗਾਂ ਵਿੱਚੋਂ ਇੱਕ ਹੈ।

ਇਹ ਐਕਟ ਚਾਰ ਮੁੱਖ ਖੇਤਰਾਂ ਉੱਤੇ ਕੇਂਦਰਿਤ ਹੈ:

1. ਇੰਡੀਜਨਸ ਲੋਕਾਂ ਨਾਲ ਇਸ ਤਰੀਕੇ ਨਾਲ ਸਹਿਯੋਗ ਜਾਰੀ ਰੱਖਣਾ ਜੋ ਬੀ.ਸੀ. ਵਿੱਚ ਫਰਸਟ ਨੇਸ਼ਨਜ਼ ਅਤੇ ਮੈਟੀ ਭਾਈਚਾਰਿਆਂ ਦੀ ਵਿਲੱਖਣ ਪਛਾਣ ਨੂੰ ਪਛਾਣਦਾ ਹੈ।
2. ਕਾਨੂੰਨ ਨੂੰ ਲਾਗੂ ਕਰਨ ਵਿੱਚ ਨਸਲੀਕਿਰਤ ਭਾਈਚਾਰਿਆਂ ਨਾਲ ਕੰਮ ਕਰਨਾ। ਇਸ ਵਿੱਚ ਸਰਕਾਰ ਨਾਲ ਸਹਿਯੋਗ ਕਰਨ ਲਈ ਇੱਕ ਸੂਬਾਈ ਨਸਲਵਾਦ ਵਿਰੋਧੀ ਡੇਟਾ ਕਮੇਟੀ ਦਾ ਗਠਨ ਸ਼ਾਮਲ ਹੋਵੇਗਾ ਕਿ ਡੇਟਾ ਕਿਵੇਂ ਇਕੱਠਾ ਕੀਤਾ ਜਾਂਦਾ ਹੈ ਅਤੇ ਕਿਵੇਂ ਵਰਤਿਆ ਜਾਂਦਾ ਹੈ।
3. ਇੰਡਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨੂੰ ਹੋਣ ਵਾਲੇ ਨੁਕਸਾਨਾਂ ਨੂੰ ਰੋਕਣ ਅਤੇ ਘਟਾਉਣ ਦੇ ਦੌਰਾਨ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਵਧਾਉਣਾ।

4. ਸਰਕਾਰ ਨੂੰ ਸਾਲਾਨਾ ਆਧਾਰ 'ਤੇ ਡੇਟਾ ਜਾਰੀ ਕਰਨ ਲਈ, ਅਤੇ ਸਮੇਂ-ਸਮੇਂ 'ਤੇ ਐਕਟ ਦੀ ਸਮੀਖਿਆ ਕਰਨ ਦੀ ਮੰਗ ਕਰਨਾ।

ਇਸ ਕਾਨੂੰਨ ਨੂੰ ਲਾਗੂ ਕਰ ਦੇ ਨਾਲ ਸੂਬਾ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਕੰਮ ਕਰਨਾ ਜਾਰੀ ਰੱਖੇਗਾ।

## ਕਾਨੂੰਨ ਦੀ ਲੋੜ ਕਿਉਂ ਹੈ

ਅਸੀਂ ਜਾਣਦੇ ਹਾਂ ਕਿ ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਸਮੇਤ, ਪ੍ਰਣਾਲੀਗਤ ਨਸਲਵਾਦ ਹਰ ਥਾਂ ਮੌਜੂਦ ਹੈ, ਅਤੇ ਇਸ ਨੂੰ ਬਦਲਣਾ ਚਾਹੀਦਾ ਹੈ। ਨਸਲ, ਜਾਤੀ, ਵਿਸ਼ਵਾਸ ਅਤੇ ਹੋਰ ਕਾਰਕਾਂ ਨਾਲ ਸਬੰਧਤ ਡੇਟਾ ਇਸ ਗੱਲ ਦਾ ਪਰਦਾਫਾਸ਼ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਇੰਡੀਜਨਸ ਲੋਕ ਅਤੇ ਨਸਲੀਕਿਰਤ ਭਾਈਚਾਰੇ ਕਿੱਥੇ ਅਤੇ ਕਿਵੇਂ ਸਰਕਾਰੀ ਸੇਵਾਵਾਂ ਵਿੱਚ ਪ੍ਰਣਾਲੀਗਤ ਨਸਲਵਾਦ ਦਾ ਅਨੁਭਵ ਕਰ ਰਹੇ ਹਨ। ਹਾਲਾਂਕਿ, ਫਿਲਹਾਲ ਇਸ ਗੱਲ ਵਿੱਚ ਕੋਈ ਇਕਸਾਰਤਾ ਨਹੀਂ ਹੈ ਕਿ ਕੀ ਸਰਕਾਰ ਇਹ ਜਾਣਕਾਰੀ ਇਕੱਠੀ ਕਰਦੀ ਹੈ ਜਾਂ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ।

ਕਾਨੂੰਨ ਇਹ ਯਕੀਨੀ ਬਣਾਏਗਾ ਕਿ ਇਸ ਕਿਸਮ ਦੀ ਜਾਣਕਾਰੀ ਇਕਸਾਰ ਅਤੇ ਸੱਭਿਆਚਾਰਕ ਤੌਰ ਤੇ ਸੁਰੱਖਿਅਤ ਤਰੀਕਿਆਂ ਨਾਲ ਇਕੱਠੀ ਕੀਤੀ, ਵਰਤੀ ਅਤੇ ਸਾਂਝੀ ਕੀਤੀ ਜਾਵੇ। ਇਸ ਜਾਣਕਾਰੀ ਨਾਲ, ਅਸੀਂ ਪਛਾਣ ਕਰ ਸਕਦੇ ਹਾਂ ਕਿ ਸਰਕਾਰੀ ਪ੍ਰਣਾਲੀਆਂ, ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਨਸਲਵਾਦ ਕਿੱਥੇ ਹੈ। ਇਹ ਸਾਨੂੰ ਬਿਹਤਰ ਢੰਗ ਨਾਲ ਅਤੇ ਵਧੇਰੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਅਤੇ ਇੱਕ ਵਧੇਰੇ ਸਮਾਵੇਸ਼ੀ, ਨਿਰਪੱਖ ਸੂਬਾ ਬਣਾਉਣ ਵਿੱਚ ਸਾਡੀ ਮਦਦ ਕਰੇਗਾ।

ਇੰਡੀਜਨਸ ਲੋਕ ਅਤੇ ਨਸਲੀਕਿਰਤ ਭਾਈਚਾਰੇ ਲੰਬੇ ਸਮੇਂ ਤੋਂ ਸਰਕਾਰ ਨੂੰ ਨਸਲ-ਅਧਾਰਿਤ ਡੇਟਾ ਦੇ ਸੰਗ੍ਰਹਿ, ਵਰਤੋਂ ਅਤੇ ਪਹੁੰਚ ਵਿੱਚ ਸੁਧਾਰ ਕਰਨ ਲਈ ਕਹਿ ਰਹੇ ਹਨ। ਇਹਨਾਂ ਭਾਈਚਾਰਿਆਂ ਨੇ ਕਿਹਾ ਹੈ ਕਿ ਉਹ ਜਨਤਕ ਸੇਵਾਵਾਂ - ਜਿਵੇਂ ਕਿ ਸਿੱਖਿਆ, ਸਿਹਤ ਸੰਭਾਲ, ਰਿਹਾਇਸ਼ ਅਤੇ ਪੁਲਿਸਿੰਗ - ਦੇ ਨਾਲ ਆਪਣੇ ਭਾਈਚਾਰੇ ਦੇ ਮੈਂਬਰਾਂ ਦੇ ਤਜ਼ਰਬਿਆਂ ਨੂੰ ਸਮਝਣ ਲਈ ਬਿਹਤਰ ਡੇਟਾ ਚਾਹੁੰਦੇ ਹਨ ਤਾਂ ਜੋ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਕੀਤੀ ਜਾ ਸਕੇ ਅਤੇ ਹੱਲ ਨਿਕਾਲਿਆ ਜਾ ਸਕੇ। ਉਹਨਾਂ ਨੇ ਇਹ ਵੀ ਕਿਹਾ ਹੈ ਕਿ ਇਹ ਯਕੀਨੀ ਬਣਾਉਣ ਲਈ ਕਾਨੂੰਨ ਬਣਾਉਣ ਦੀ ਲੋੜ ਹੈ ਕਿ ਜਾਣਕਾਰੀ ਇਕੱਠੀ ਕੀਤੀ ਜਾਵੇ, ਸਟੋਰ ਕੀਤੀ ਜਾਵੇ ਅਤੇ ਇਸ ਦੀ ਵਰਤੋਂ ਅਜਿਹੇ ਤਰੀਕੇ ਨਾਲ ਕੀਤੀ ਜਾਵੇ ਜੋ ਸੱਭਿਆਚਾਰਕ ਤੌਰ ਤੇ ਸੁਰੱਖਿਅਤ ਹੋਵੇ ਅਤੇ ਜਿਸ ਨਾਲ ਉਹਨਾਂ ਭਾਈਚਾਰਿਆਂ ਨੂੰ ਨੁਕਸਾਨ ਨਾ ਹੋਵੇ ਜਿਹਨਾਂ ਦੀ ਇਹ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਮਨੁੱਖੀ ਅਧਿਕਾਰ ਕਮਿਸ਼ਨਰ ਨੇ ਆਪਣੀ ਰਿਪੋਰਟ, *ਬ੍ਰਿਟਿਸ਼ ਕੋਲੰਬੀਆ ਵਿੱਚ ਭਿੰਨ-ਭਿੰਨ ਕਿਸਮ ਦੇ ਜਨਸੰਖਿਆ ਡੇਟਾ ਸੰਗ੍ਰਹਿ: ਦ ਗ੍ਰੈਂਡਮਦਰ ਪਰਸਪੈਕਟਿਵ* (*Disaggregated Demographic Data Collection in British Columbia: The Grandmother Perspective*) ਵਿੱਚ ਇਸ ਮੁੱਦੇ ਨੂੰ ਵੀ ਉਜਾਗਰ ਕੀਤਾ, ਅਤੇ ਇਹ ਯਕੀਨੀ ਬਣਾਉਣ ਲਈ ਭਾਈਚਾਰਿਆਂ ਨਾਲ ਕੰਮ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਕਿ ਉਹ ਮੌਜੂਦਾ ਪ੍ਰਣਾਲੀਗਤ ਮੁੱਦਿਆਂ ਨੂੰ ਹੋਰ ਬਦਤਰ ਬਣਾਉਣ ਤੋਂ ਬਚਣ ਲਈ ਆਪਣੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ ਅਤੇ ਵਰਤਣ ਵਿੱਚ ਸ਼ਾਮਲ ਹਨ।

ਇਸ ਲਈ ਅਸੀਂ ਇੰਡੀਜਨਸ ਅਤੇ ਨਸਲੀਕਿਰਤ ਨੇਤਾਵਾਂ ਅਤੇ ਕਮਿਊਨਿਟੀ ਮੈਂਬਰਾਂ ਨਾਲ ਸਿੱਧੀ ਗੱਲ ਕਰਨ ਲਈ ਕਮਿਊਨਿਟੀ ਸੰਸਥਾਵਾਂ ਨਾਲ ਕੰਮ ਕੀਤਾ ਹੈ, ਅਤੇ ਹਰ ਪੜਾਅ 'ਤੇ ਅਜਿਹਾ ਕਰਨਾ ਜਾਰੀ ਰੱਖਾਂਗੇ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਸੀਂ ਇਹ ਸਮਝਦੇ ਹਾਂ ਕਿ ਕਾਨੂੰਨ ਕਿਵੇਂ ਪੇਸ਼ ਕਰਨਾ ਹੈ ਜੋ ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ। ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਹ ਇੰਡੀਜਨਸ ਲੋਕਾਂ ਦੇ ਸਵੈ-ਸ਼ਾਸਨ ਦੇ ਅਧਿਕਾਰ ਨੂੰ ਬਰਕਰਾਰ ਰੱਖੇ।

ਇਹ ਕਾਨੂੰਨ ਇੱਕ ਮਹੱਤਵਪੂਰਨ ਸਾਧਨ ਹੋਵੇਗਾ ਜੋ BC ਸਰਕਾਰ ਅਤੇ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨੂੰ ਕਾਰਵਾਈ ਕਰਨ ਅਤੇ ਤਬਦੀਲੀ ਕਰਨ ਲਈ ਬਿਹਤਰ ਜਾਣਕਾਰੀ ਦੇਵੇਗਾ।

**ਪ੍ਰਣਾਲੀਗਤ ਨਸਲਵਾਦ ਕੀ ਹੈ?**

**ਪ੍ਰਣਾਲੀਗਤ ਨਸਲਵਾਦ ਅਸਮਾਨਤਾਵਾਂ ਦੁਆਰਾ ਵਾਪਰਦਾ ਹੈ ਜੋ ਸੇਵਾਵਾਂ, ਪ੍ਰਣਾਲੀਆਂ ਅਤੇ ਢਾਂਚਿਆਂ ਵਿੱਚ ਬਣੀਆਂ ਹੁੰਦੀਆਂ ਹਨ, ਅਕਸਰ ਲੁਕਵੇਂ ਪੱਖਪਾਤ ਕਾਰਨ ਹੁੰਦੀਆਂ ਹਨ ਜੋ ਲੋਕਾਂ ਨੂੰ ਉਹਨਾਂ ਦੀ ਨਸਲ ਦੇ ਅਧਾਰ 'ਤੇ ਨੁਕਸਾਨ ਪਹੁੰਚਾਉਂਦੀਆਂ ਹਨ। ਬਹੁਤ ਸਾਰੇ ਇੰਡੀਜਨਸ ਅਤੇ ਨਸਲੀਕਿਰਤ ਭਾਈਚਾਰਿਆਂ ਲਈ, ਇਸ ਦੇ ਨਤੀਜੇ ਵਜੋਂ ਅਸਮਾਨ ਪਹੁੰਚ, ਮਾੜੇ ਨਤੀਜੇ ਅਤੇ ਜਨਤਕ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ ਸੰਭਾਲ, ਬਾਲ ਭਲਾਈ ਅਤੇ ਪੁਲਿਸਿੰਗ ਦੇ ਨਾਲ ਨਕਾਰਾਤਮਕ ਅਨੁਭਵ ਹੁੰਦੇ ਹਨ।**

## ਤੁਹਾਡੇ ਡੇਟਾ ਨੂੰ ਸੁਰੱਖਿਅਤ ਰੱਖਣਾ

ਡੇਟਾ ਦਾ ਸੰਗ੍ਰਹਿ ਅਤੇ ਵਰਤੋਂ ਪ੍ਰਣਾਲੀਗਤ ਅਸਮਾਨਤਾਵਾਂ ਨੂੰ ਦਿਖਣ, ਰੁਕਾਵਟਾਂ ਨੂੰ ਘਟਾਉਣ ਅਤੇ ਵਿਤਕਰੇ, ਅਸਮਾਨਤਾਵਾਂ ਅਤੇ ਸੇਵਾਵਾਂ ਵਿੱਚ ਅੰਤਰ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ।

ਇਹ ਯਕੀਨੀ ਬਣਾਉਣਾ ਸਭ ਤੋਂ ਮਹੱਤਵਪੂਰਨ ਤਰਜੀਹਾਂ ਵਿੱਚੋਂ ਇੱਕ ਹੈ ਕਿ ਕੋਈ ਵੀ ਜਾਣਕਾਰੀ ਇੱਕ ਸੇਫ, ਸੁਰੱਖਿਅਤ ਅਤੇ ਇਕਸਾਰ ਤਰੀਕੇ ਨਾਲ ਇਕੱਠੀ ਕੀਤੀ, ਸਟੋਰ ਕੀਤੀ ਅਤੇ ਵਰਤੀ ਜਾਵੇ ਜੋ ਲੋਕਾਂ ਦੀ ਜਾਣਕਾਰੀ ਦੀ ਸੁਰੱਖਿਆ ਅਤੇ ਹਿਫਾਜ਼ਤ ਕਰਦੀ ਹੈ।

ਇਸ ਕਾਨੂੰਨ ਦੇ ਤਹਿਤ, ਸਰਕਾਰ ਇਹ ਯਕੀਨੀ ਬਣਾਏਗੀ ਕਿ ਇਕੱਠਾ ਕੀਤਾ ਕੋਈ ਵੀ ਡੇਟਾ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇ। ਸੂਚਨਾ ਦੀ ਫਰੀਡਮ ਔਫ ਇਨਫੌਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵਸੀ ਐਕਟ ਦੇ ਅਧੀਨ ਸਾਰੀਆਂ ਗੋਪਨੀਯਤਾ ਅਤੇ ਸਕਿਓਰਿਟੀ ਸੁਰੱਖਿਆਵਾਂ ਇਸ ਕਾਨੂੰਨ ਦੇ ਤਹਿਤ ਇਕੱਤਰ ਕੀਤੀ ਜਾਂ ਵਰਤੀ ਗਈ ਜਾਣਕਾਰੀ ਉੱਤੇ ਲਾਗੂ ਹੋਣਗੀਆਂ।

ਡੇਟਾ ਦੀ ਸੁਰੱਖਿਆ ਲਈ ਡੇਟਾ ਦੀ ਵਰਤੋਂ ਕਰਕੇ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਸ਼ੁਰੂ ਕਰਦੇ ਹੋਏ ਸਰਕਾਰ ਬ੍ਰਿਟਿਸ਼ ਕੋਲੰਬੀਆ ਦੇ ਡੇਟਾ ਇਨੋਵੇਸ਼ਨ ਪ੍ਰੋਗਰਾਮ ਅਤੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਗੋਪਨੀਯਤਾ ਅਤੇ ਸੁਰੱਖਿਆ ਮਾਡਲ ਦੀ ਵਰਤੋਂ ਕਰੇਗੀ ਜਿਸ ਨੂੰ ਫਾਈਵ ਸੇਫ਼ਸ ਮਾਡਲ ਕਿਹਾ ਜਾਂਦਾ ਹੈ।

ਫਾਈਵ ਸੇਫਸ ਮਾਡਲ ਇਹਨਾਂ ਦੁਆਰਾ ਡੇਟਾ ਤੱਕ ਪਹੁੰਚ ਜਾਂ ਅਣਉਚਿਤ ਢੰਗ ਨਾਲ ਵਰਤੇ ਜਾਣ ਦੇ ਜੋਖਮ ਨੂੰ ਘਟਾਉਂਦਾ ਹੈ:

- ਡੇਟਾ ਤੋਂ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਹਟਾਉਣਾ।
- ਡੇਟਾ ਨੂੰ ਸੁਰੱਖਿਅਤ ਢੰਗ ਨਾਲ ਜੋੜਨ ਲਈ ਸੁਰੱਖਿਅਤ ਤਕਨਾਲੋਜੀ ਦੀ ਵਰਤੋਂ ਕਰਨਾ।
- ਸਿਰਫ਼ ਉਹਨਾਂ ਪ੍ਰੋਜੈਕਟਾਂ ਨੂੰ ਅਧਿਕਾਰਤ ਕਰਨਾ ਜਿਨ੍ਹਾਂ ਦਾ ਜਨਤਕ ਲਾਭ ਹੁੰਦਾ ਹੈ ਅਤੇ ਵਿਅਕਤੀਆਂ ਜਾਂ ਭਾਈਚਾਰਿਆਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ।
- ਸਿਰਫ਼ ਅਧਿਕਾਰਤ ਵਿਅਕਤੀਆਂ ਨੂੰ ਪਹੁੰਚ ਪ੍ਰਦਾਨ ਕਰਨਾ।
- ਖੋਜ ਆਉਟਪੁੱਟ ਵਿੱਚ ਗੋਪਨੀਯਤਾ ਦੀ ਵਾਧੂ ਸੁਰੱਖਿਆ ਨੂੰ ਯਕੀਨੀ ਬਣਾਉਣਾ।

BC ਅੰਕੜਿਆਂ ਅਤੇ ਡੇਟਾ ਇਨੋਵੇਸ਼ਨ ਪ੍ਰੋਗਰਾਮ ਬਾਰੇ ਹੋਰ ਵੇਰਵਿਆਂ ਲਈ:

BC ਅੰਕੜੇ

ਡਾਟਾ ਇਨੋਵੇਸ਼ਨ ਪ੍ਰੋਗਰਾਮ FAQ

## ਭਾਈਚਾਰਿਆਂ ਨਾਲ ਗੱਲਬਾਤ ਕਰਨਾ

ਇਹ ਸ਼ਮੂਲੀਅਤ ਪ੍ਰਕਿਰਿਆ ਭਾਈਚਾਰਿਆਂ ਦੇ ਨਾਲ, ਭਾਈਚਾਰਿਆਂ ਲਈ ਤਿਆਰ ਕੀਤੀ ਗਈ ਸੀ। ਇੰਡਜਨਸ ਲੀਡਰਸ਼ਿਪ ਅਤੇ ਨਸਲੀਕਿਰਤ ਭਾਈਚਾਰੇ ਦੇ ਮਾਹਰਾਂ ਤੋਂ ਸ਼ੁਰੂਆਤੀ ਫੀਡਬੈਕ, ਅਤੇ ਨਾਲ ਹੀ BC ਮਨੁੱਖੀ ਅਧਿਕਾਰ ਕਮਿਸ਼ਨਰ ਦੀ ਰਿਪੋਰਟ, *ਬ੍ਰਿਟਿਸ਼ ਕੋਲੰਬੀਆ ਵਿੱਚ ਭਿੰਨ-ਭਿੰਨ ਕਿਸਮ ਦੇ ਜਨਸੰਖਿਆ ਡੇਟਾ ਸੰਗ੍ਰਹਿ: ਦਾ ਗ੍ਰੈਂਡਮਦਰ ਪਰਸਪੈਕਟਿਵ (Disaggregated Demographic Data Collection in British Columbia: The Grandmother Perspective)*, ਨੇ ਇਹ ਯਕੀਨੀ ਬਣਾਉਣ ਲਈ ਕਨੂੰਨ ਦੇ ਵਿਕਾਸ ਵਿੱਚ ਭਾਈਚਾਰਿਆਂ ਨੂੰ ਸ਼ਾਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਕਿ ਉਹਨਾਂ ਦੀਆਂ ਲੋੜਾਂ ਨੂੰ ਅਰਥਪੂਰਨ ਢੰਗ ਨਾਲ ਸੰਬੋਧਿਤਨ ਕੀਤਾ ਗਿਆ ਹੈ।

ਇਸ ਸ਼ਮੂਲੀਅਤ ਪ੍ਰਕਿਰਿਆ ਨੇ ਇੰਡਜਨਸ ਲੀਡਰਸ਼ਿਪ ਅਤੇ ਨਸਲੀਕਿਰਤ ਭਾਈਚਾਰਕ ਸੰਗਠਨਾਂ ਨੂੰ ਪ੍ਰਕਿਰਿਆ ਵਿੱਚ ਸਭ ਤੋਂ ਅੱਗੇ ਰੱਖਿਆ ਹੈ, ਕਮਿਊਨਿਟੀ ਮੈਂਬਰ ਇਹਨਾਂ ਸੰਸਥਾਵਾਂ ਨੂੰ ਸਿੱਧੇ ਤੌਰ 'ਤੇ ਡੇਟਾ ਦੇ ਸੰਗ੍ਰਹਿ, ਵਰਤੋਂ ਅਤੇ ਖੁਲਾਸੇ ਨਾਲ ਸਬੰਧਤ ਆਪਣੀਆਂ ਚਿੰਤਾਵਾਂ, ਲੋੜਾਂ ਅਤੇ ਤਰਜੀਹਾਂ ਨੂੰ ਪੇਸ਼ ਕਰਦੇ ਹਨ।

ਅਸੀਂ ਇਸ ਬਾਰੇ ਹੋਰ ਜਾਣਨਾ ਚਾਹੁੰਦੇ ਸੀ:

- **ਪਛਾਣਾਂ ਬਾਰੇ ਵਿਚਾਰ**: BC ਵਿੱਚ ਲੋਕ ਕਿਵੇਂ ਆਪਣੀ ਪਛਾਣ ਜਾਂ ਪ੍ਰਤੀਨਿਧਤਾ ਕਰਨਾ ਪਸੰਦ ਕਰਦੇ ਹਨ।

- **ਜੀਵਤ ਅਨੁਭਵ**: ਸਰਕਾਰੀ ਏਜੰਸੀਆਂ ਨਾਲ ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਲੋਕਾਂ ਦੇ ਪਿਛਲੇ ਅਨੁਭਵ। ਇਹ ਵੱਖ-ਵੱਖ ਸਥਿਤੀਆਂ ਵਿੱਚ ਜਾਣਕਾਰੀ ਸਾਂਝੀ ਕਰਨ ਦੇ ਨਾਲ ਲੋਕਾਂ ਦੇ ਆਰਾਮ ਦੇ ਪੱਧਰਾਂ ਨੂੰ ਸਮਝਣ ਵਿੱਚ ਮਦਦ ਕਰੇਗਾ, ਜਿਵੇਂ ਕਿ ਖੋਜ ਦੇ ਉਦੇਸ਼ਾਂ ਲਈ ਜਾਂ ਸਿਹਤ, ਸਿੱਖਿਆ ਜਾਂ ਨਿਆਂ ਵਰਗੀਆਂ ਜਨਤਕ ਸੇਵਾਵਾਂ ਤੱਕ ਪਹੁੰਚ ਕਰਨ ਲਈ ਤਾਂ ਜੋ ਸਰਕਾਰ ਵਧੀਆ ਸੰਗ੍ਰਹਿ ਵਿਧੀਆਂ ਦਾ ਨਿਰਮਾਣ ਕਰ ਸਕੇ।

- **ਡੇਟਾ ਦੀ ਵਰਤੋਂ ਬਾਰੇ ਦ੍ਰਿਸ਼ਟੀਕੋਣ**: ਲੋਕ ਆਪਣੇ ਡੇਟਾ ਦੀ ਵਰਤੋਂ ਕਿਵੇਂ ਕਰਨਾ ਚਾਹੁੰਦੇ ਹਨ ਤਾਂ ਜੋ ਸਰਕਾਰ ਨਸਲੀ ਬਰਾਬਰੀ ਦੀ ਪ੍ਰਗਤੀ ਲਈ ਕੰਮ ਕਰ ਸਕੇ।

ਅਪ੍ਰੈਲ 2021 ਅਤੇ ਮਾਰਚ 2022 ਦੇ ਵਿਚਕਾਰ, ਲੋਕਾਂ ਅਤੇ ਭਾਈਚਾਰਿਆਂ ਨੂੰ ਤਿੰਨ ਰੁਝੇਵਿਆਂ ਦੀਆਂ ਧਾਰਾਵਾਂ ਰਾਹੀਂ ਚਰਚਾ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ:

1. ਇੰਡੀਜਨਸ ਰੁਝੇਵੇਂ
2. ਭਾਈਚਾਰੇ ਦੀ ਅਗਵਾਈ ਵਾਲੀ ਸ਼ਮੂਲੀਅਤ
3. ਔਨਲਾਈਨ ਜਨਤਕ ਸਰਵੇਖਣ

ਇਸ ਇਨਪੁਟ ਨੇ ਇਹ ਪਛਾਣ ਕਰਨ ਵਿੱਚ ਮਦਦ ਕੀਤੀ ਕਿ ਭਾਈਚਾਰਿਆਂ ਲਈ ਕੀ ਮਹੱਤਵਪੂਰਨ ਸੀ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕੀਤੀ ਕਿ ਇਹ ਅੰਕੜਾ ਜਾਣਕਾਰੀ ਇਕੱਠੀ ਕੀਤੀ ਗਈ ਹੈ ਅਤੇ ਪ੍ਰਣਾਲੀਗਤ ਨਸਲਵਾਦ ਨਾਲ ਨਜਿੱਠਣ ਲਈ ਸਭ ਤੋਂ ਸੁਰੱਖਿਅਤ ਅਤੇ ਪ੍ਰਭਾਵੀ ਤਰੀਕੇ ਨਾਲ ਵਰਤੀ ਗਈ ਹੈ।

2,900 ਤੋਂ ਵੱਧ ਲੋਕਾਂ ਨੇ ਸਰਵੇਖਣ ਲਈ ਪ੍ਰਤੀਕਿਰਿਆ ਦਿੱਤੀ ਅਤੇ ਲਗਭਗ 10,000 ਲੋਕਾਂ ਨੇ ਇੰਡਜਨਸ, ਕਾਲੇ ਅਤੇ ਰੰਗ ਵਾਲੇ ਲੋਕਾਂ (IBPOC) ਦੀ ਨੁਮਾਇੰਦਗੀ ਕਰਨ ਵਾਲੀਆਂ ਕਮਿਊਨਿਟੀ ਸੰਸਥਾਵਾਂ ਦੁਆਰਾ ਆਯੋਜਿਤ ਕਮਿਊਨਿਟੀ ਸ਼ਮੂਲੀਅਤ ਸੈਸ਼ਨਾਂ ਵਿੱਚ ਹਿੱਸਾ ਲਿਆ।

## 1. ਇੰਡੀਜਨਸ ਰੁਝੇਵੇਂ

BC ਦੁਆਰਾ ਪੇਸ਼ ਕੀਤੇ ਜਾਣ ਵਾਲੇ ਕਾਨੂੰਨ ਦੇ ਇੱਕ ਮਹੱਤਵਪੂਰਨ ਨਵੇਂ ਹਿੱਸੇ ਵਜੋਂ ਸਰਕਾਰ ਨੇ ਨਵੰਬਰ 2019 ਵਿੱਚ ਇੰਡੀਜਨਸ *ਲੋਕਾਂ ਦੇ ਅਧਿਕਾਰਾਂ ਦੇ ਐਕਟ* (*Declaration on the Rights of Indigenous Peoples Act* ) *'ਤੇ ਘੋਸ਼ਣਾ ਪੱਤਰ* ਪਾਸ ਕੀਤੇ ਜਾਣ ਤੋਂ ਬਾਅਦ, ਇੰਡੀਜਨਸ ਲੋਕਾਂ ਦੇ ਨਾਲ ਅਰਥਪੂਰਨ ਸ਼ਮੂਲੀਅਤ - ਅਤੇ ਮਹੱਤਵਪੂਰਨ ਰਹਿਣਾ ਜਾਰੀ ਹੈ। ਇਸ ਲਈ, ਇੰਡੀਜਨਸ ਸ਼ਮੂਲੀਅਤ ਮਾਹਰ (ਕੁਇੰਟੇਸੈਂਸ਼ੀਅਲ ਰਿਸਰਚ ਗਰੁੱਪ), BC ਐਸੋਸੀਏਸ਼ਨ ਆਫ਼ ਐਬੋਰਿਜਿਨਲ ਫ੍ਰੈਂਡਸ਼ਿਪ ਸੈਂਟਰਜ਼ (BCAAFC), ਅਤੇ ਮੇਟੀ ਨੇਸ਼ਨ ਬ੍ਰਿਟਿਸ਼ ਕੋਲੰਬੀਆ (MNBC) ਹਰੇਕ ਨੇ ਇੰਡੀਜਨਸ ਭਾਈਚਾਰੇ ਦੇ ਮੈਂਬਰਾਂ ਅਤੇ ਵਿਅਕਤੀਗਤ ਫਰਸਟ ਨੇਸ਼ਨਜ਼ ਨਾਲ ਸਿੱਧੇ ਸੈਸ਼ਨਾਂ ਦੀ ਅਗਵਾਈ ਕਰਨ ਲਈ ਫੰਡ ਪ੍ਰਾਪਤ ਕੀਤੇ।

ਇਸ ਤੋਂ ਇਲਾਵਾ, ਸੂਬਾਈ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਕਿ ਇਹ ਕਾਨੂੰਨ ਇੰਡੀਜਨਸ ਲੋਕਾਂ ਦੇ ਡੇਟਾ ਸਵੈ-ਸ਼ਾਸਨ ਦੇ ਅਧਿਕਾਰ ਨੂੰ ਬਰਕਰਾਰ ਰੱਖਦਾ ਹੈ - ਫਰਸਟ ਨੇਸ਼ਨ ਲੀਡਰਸ਼ਿਪ ਕੌਂਸਲ (FNLC), BCAAFC ਅਤੇ MNBC ਸਮੇਤ - ਇੰਡੀਜਨਸ ਲੀਡਰਸ਼ਿਪ ਸੰਸਥਾਵਾਂ ਨਾਲ ਸਿੱਧੇ ਕੰਮ ਕੀਤਾ। ਇਸ ਕੰਮ ਦੇ ਹਿੱਸੇ ਵਜੋਂ, FNLC ਨੇ ਇੰਡੀਜਨਸ ਡੇਟਾ ਗਵਰਨੈਂਸ ਮਾਹਿਰਾਂ ਨੂੰ ਸਰਕਾਰ ਨਾਲ ਕੰਮ ਕਰਨ ਲਈ ਨਿਯੁਕਤ ਕੀਤਾ ਜਿਵੇਂ ਕਾਨੂੰਨ ਦਾ ਖਰੜਾ ਤਿਆਰ ਕੀਤਾ ਗਿਆ ਹੈ।

BC ਅਸੈਂਬਲੀ ਆਫ਼ ਫਰਸਟ ਨੇਸ਼ਨਜ਼, ਫਰਸਟ ਨੇਸ਼ਨਜ਼ ਸਮਿਟ ਅਤੇ ਯੂਨੀਅਨ ਆਫ਼ BC ਇੰਡੀਅਨ ਚੀਫ਼ਸ ਦੀਆਂ ਜਨਰਲ ਅਸੈਂਬਲੀਆਂ ਵਿੱਚ ਫਰਸਟ ਨੇਸ਼ਨਜ਼ ਦੇ ਮੁਖੀਆਂ ਨੂੰ ਵੱਖ-ਵੱਖ ਪੜਾਵਾਂ 'ਤੇ ਕਾਨੂੰਨ ਬਾਰੇ ਜਾਣਕਾਰੀ ਵੀ ਪੇਸ਼ ਕੀਤੀ ਗਈ ਹੈ। 2022 ਦੀ ਸ਼ੁਰੂਆਤ ਵਿੱਚ, ਫਰਸਟ ਨੇਸ਼ਨਜ਼ ਨੂੰ ਵੀ ਕਾਨੂੰਨ ਬਾਰੇ ਹੋਰ ਸੁਣਨ ਅਤੇ ਫੀਡਬੈਕ ਸਾਂਝਾ ਕਰਨ ਲਈ ਤਕਨੀਕੀ ਬ੍ਰੀਫਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ।

## 2. ਭਾਈਚਾਰੇ ਦੀ ਅਗਵਾਈ ਵਾਲੀ ਸ਼ਮੂਲੀਅਤ

ਨਸਲੀਕਿਰਤ ਭਾਈਚਾਰਿਆਂ ਦੇ ਫੀਡਬੈਕ ਦੇ ਆਧਾਰ 'ਤੇ, ਸੂਬਾਈ ਸਰਕਾਰ ਨੇ ਆਪਣੇ ਭਾਈਚਾਰੇ ਦੇ ਮੈਂਬਰਾਂ ਨਾਲ ਆਪਣੇ ਰੁਝੇਵੇਂ ਸੈਸ਼ਨਾਂ ਦੀ ਮੇਜ਼ਬਾਨੀ ਕਰਨ ਦੀ ਇੱਛਾ ਰੱਖਣ ਵਾਲੇ ਯੋਗ ਭਾਈਚਾਰਕ ਸੰਸਥਾਵਾਂ ਅਤੇ ਸਮੂਹਾਂ ਨੂੰ ਗ੍ਰਾਂਟਾਂ ਉਪਲਬਧ ਕਰਵਾਈਆਂ।

ਸੂਬੇ ਭਰ ਵਿੱਚ ਤਕਰੀਬਨ 70 ਸੰਸਥਾਵਾਂ ਨੇ ਨਵੰਬਰ 2021 ਤੋਂ ਜਨਵਰੀ 2022 ਦੇ ਅੰਤ ਤੱਕ ਰੁਝੇਵਿਆਂ ਦੇ ਸੈਸ਼ਨਾਂ ਦੀ ਮੇਜ਼ਬਾਨੀ ਕੀਤੀ, 425 ਮੀਟਿੰਗਾਂ ਕੀਤੀਆਂ - ਵਿਅਕਤੀਗਤ ਅਤੇ ਵਰਚੁਅਲ ਦੋਨਾਂ ਵਿੱਚ - ਅਤੇ ਲਗਭਗ 10,000 ਲੋਕਾਂ ਤੱਕ ਪਹੁੰਚ ਬਣਾਈ।

ਨਸਲੀਕਿਰਤ ਭਾਈਚਾਰੇ ਦੇ ਮੈਂਬਰਾਂ ਤੋਂ ਉਹਨਾਂ ਦੇ ਨਿੱਜੀ ਤਜਰਬੇ ਅਤੇ ਡੇਟਾ ਇਕੱਠਾ ਕਰਨ, ਵਰਤੋਂ ਅਤੇ ਖੁਲਾਸੇ ਬਾਰੇ ਚਿੰਤਾਵਾਂ ਬਾਰੇ ਸਿੱਧੇ ਤੌਰ 'ਤੇ ਸੁਣਨਾ ਇਹ ਯਕੀਨੀ ਬਣਾਉਣ ਦਾ ਇੱਕ ਮਹੱਤਵਪੂਰਨ ਹਿੱਸਾ ਸੀ ਕਿ ਭਾਈਚਾਰੇ ਦੀਆਂ ਲੋੜਾਂ ਨੂੰ ਸਮਝਿਆ ਗਿਆ ਹੈ ਅਤੇ ਡੇਟਾ ਵਿਧਾਨ ਵਿੱਚ ਪ੍ਰਤੀਬਿੰਬਿਤ ਕੀਤਾ ਗਿਆ ਹੈ।

### 3. ਔਨਲਾਈਨ ਜਨਤਕ ਸ਼ਮੂਲੀਅਤ ਸਰਵੇਖਣ

ਸੂਬੇ ਭਰ ਦੇ IBPOC ਭਾਈਚਾਰਿਆਂ ਦੇ ਲੋਕਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੋਂ ਸੁਣਨ ਲਈ, ਸੂਬਾਈ ਸਰਕਾਰ ਨੇ ਇੱਕ ਔਨਲਾਈਨ ਸਰਵੇਖਣ ਵੀ ਸ਼ੁਰੂ ਕੀਤਾ ਹੈ। ਸਰਵੇਖਣ ਸਤੰਬਰ ਤੋਂ 31 ਜਨਵਰੀ, 2022 ਤੱਕ ਚੱਲਿਆ, ਅਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਸੀ। ਲਗਭਗ 3,000 ਲੋਕਾਂ ਨੇ ਸਰਵੇਖਣ ਨੂੰ ਭਰਿਆ। ਸਰਵੇਖਣ ਨੂੰ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਨ ਅਤੇ ਪਛਾਣ ਅਤੇ ਨਸਲ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਵਿਅਕਤੀਗਤ ਅਨੁਭਵਾਂ ਨੂੰ ਸਮਝਣ ਲਈ ਤਿਆਰ ਕੀਤਾ ਗਿਆ ਸੀ।

## ਉਹਨਾਂ ਨੇ ਕੀ ਸੁਣਿਆ ਰਿਪੋਰਟਾਂ

ਪੰਜ ਟੌਪੀਕਲ ਰਿਪੋਰਟਾਂ ਵਿੱਚ ਇਸ ਬੁਨਿਆਦੀ ਰੁਝੇਵਿਆਂ ਦੇ ਨਤੀਜਿਆਂ ਨੂੰ ਦੇਖੋ।

### BC ਐਸੋਸਿਏਸ਼ਨ ਆਫ ਐਬੋਰਿਜਿਨਲ ਫਰੈਂਡਸ਼ਿਪ ਸੈਂਟਰਸ ਦੀ ਸ਼ਮੂਲੀਅਤ ਰਿਪੋਰਟ

ਦੋ ਸੈਸ਼ਨਾਂ ਵਿੱਚ ਕੁੱਲ 36 ਭਾਗੀਦਾਰਾਂ ਨੇ ਭਾਗ ਲਿਆ, ਜਿਸ ਵਿੱਚ ਬਜ਼ੁਰਗ ਕੌਂਸਲ, ਪੀਅਰ ਰਿਵਿਊ ਕਮੇਟੀ ਅਤੇ ਸੂਬਾਈ ਸਵਦੇਸੀ ਯੂਥ ਕੌਂਸਲ ਦੇ ਮੈਂਬਰ ਸ਼ਾਮਲ ਸਨ।

### ਭਾਈਚਾਰੇ ਦੀ ਅਗਵਾਈ ਵਾਲੀ ਸ਼ਮੂਲੀਅਤ ਰਿਪੋਰਟ

ਸੂਬੇ ਭਰ ਦੇ ਕਮਿਊਨਿਟੀ ਮੈਂਬਰਾਂ ਨਾਲ ਨਸਲਵਾਦ ਵਿਰੋਧੀ ਡੇਟਾ ਸ਼ਮੂਲੀਅਤ ਸੈਸ਼ਨਾਂ ਦੀ ਮੇਜ਼ਬਾਨੀ ਕਰਨ ਲਈ ਲਗਭਗ 70 ਇੰਡੀਜਨਸਅਤੇ ਨਸਲੀਕਿਰਤ ਭਾਈਚਾਰਕ ਸੰਸਥਾਵਾਂ ਨੂੰ BC ਦੀ ਸਰਕਾਰ ਤੋਂ ਗ੍ਰਾਂਟਾਂ ਦਿੱਤੀਆਂ ਗਈਆਂ ਸਨ।

### ਫਰਸਟ ਨੇਸ਼ਨਜ਼ ਦੀ ਸ਼ਮੂਲੀਅਤ ਰਿਪੋਰਟ

ਸਰਕਾਰ ਨੇ ਦਸੰਬਰ 2021 ਤੋਂ ਮਾਰਚ 2022 ਤੱਕ BC ਫਰਸਟ ਨੇਸ਼ਨਜ਼ ਨਾਲ ਸ਼ਮੂਲੀਅਤ ਕੀਤੀ। ਸ਼ਮੂਲੀਅਤ ਦਾ ਇਰਾਦਾ BC ਫਰਸਟ ਨੇਸ਼ਨਜ਼ ਦੇ ਭਾਗੀਦਾਰਾਂ ਨੂੰ ਗਿਆਨ ਸਾਂਝਾ ਕਰਨ ਅਤੇ ਨਸਲਵਾਦ ਵਿਰੋਧੀ ਡੇਟਾ ਕਾਨੂੰਨ ਵਿੱਚ ਇਨਪੁਟ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਨਾ ਸੀ।

### ਮੈਟੀ ਨੇਸ਼ਨ BC ਦੀ ਸ਼ਮੂਲੀਅਤ ਰਿਪੋਰਟ

BC ਸੂਬਾਈ ਸਰਕਾਰ ਨਾਲ ਸਾਂਝੇਦਾਰੀ ਵਿੱਚ ਮੈਟੀ ਨੇਸ਼ਨ ਬ੍ਰਿਟਿਸ਼ ਕੋਲੰਬੀਆ (MNBC) ਨੇ ਇੰਡੀਜਨਸ-ਵਿਸ਼ੇਸ਼ ਨਸਲਵਾਦ ਨੂੰ ਸੰਬੋਧਿਤ ਕਰਨ ਦੀਆਂ ਕਾਲਾਂ ਦੇ ਜਵਾਬ ਵਿੱਚ ਆਗਾਮੀ ਨਸਲਵਾਦ ਵਿਰੋਧੀ ਡੇਟਾ ਕਾਨੂੰਨ ਬਾਰੇ ਕਮਿਊਨਿਟੀ ਸਲਾਹ-ਮਸ਼ਵਰੇ ਕਰਵਾਏ।

### ਔਨਲਾਈਨ ਸ਼ਮੂਲੀਅਤ ਰਿਪੋਰਟ

9 ਸਤੰਬਰ, 2021 ਤੋਂ 31 ਜਨਵਰੀ, 2022 ਤੱਕ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਨਸਲਵਾਦ ਵਿਰੋਧੀ ਡੇਟਾ ਕਾਨੂੰਨ ਦਾ ਸਮਰਥਨ ਕਰਨ ਲਈ ਇੱਕ ਔਨਲਾਈਨ ਸਰਵੇਖਣ ਆਯੋਜਿਤ ਕੀਤਾ। ਸਰਵੇਖਣ ਨੇ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਪਛਾਣ ਅਤੇ ਨਸਲੀ ਡੇਟਾ ਪ੍ਰਦਾਨ ਕਰਨ ਦੇ ਅਨੁਭਵ ਬਾਰੇ ਜਵਾਬ ਇਕੱਠੇ ਕੀਤੇ।

ਪੂਰੀਆਂ ਰਿਪੋਰਟਾਂ ਅੰਗਰੇਜ਼ੀ ਵਿੱਚ ਉਪਲਬਧ ਹਨ

# ਕਮੇਟੀ ਨੂੰ ਮਿਲੋ - ਨਸਲਵਾਦ-ਵਿਰੋਧੀ ਡੇਟਾ ਕਮੇਟੀ

**23 ਸਤੰਬਰ, 2022 ਨੂੰ, ਸੂਬੇ ਨੇ ਨਸਲਵਾਦ-ਵਿਰੋਧੀ ਡੇਟਾ ਕਮੇਟੀ ਦੇ ਚੇਅਰ ਸਮੇਤ, 11 ਮੈਂਬਰਾਂ ਦੀ ਘੋਸ਼ਣਾ ਕੀਤੀ ਸੀ।**

ਕਮੇਟੀ ਦੇ ਮੈਂਬਰ ਨਸਲੀਕਿਰਤ ਭਾਈਚਾਰਿਆਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਭੂਗੋਲਿਕ ਖੇਤਰਾਂ ਦੇ ਇੱਕ ਵਿਸ਼ਾਲ ਹਿੱਸੇ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਕਮੇਟੀ ਪਬਲਿਕ ਸੈਕਟਰ ਵਿੱਚ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਕਰਨ ਅਤੇ ਇਸ ਨੂੰ ਖਤਮ ਕਰਨ ਲਈ ਅੰਕੜਿਆਂ ਨੂੰ ਸੁਰੱਖਿਅਤ ਤਰੀਕੇ ਨਾਲ ਇਕੱਤਰ ਕਰਨ ਅਤੇ ਇਹਨਾਂ ਦੀ ਵਰਤੋਂ ਕਰਨ ਵਾਸਤੇ ਮਾਰਗ-ਦਰਸ਼ਨ ਦੇ ਵਿਕਾਸ ਬਾਰੇ ਸੂਬੇ ਨਾਲ ਸਹਿਯੋਗ ਕਰੇਗੀ।

ਕਮੇਟੀ ਨੂੰ ਅੰਕੜਿਆਂ ਦੇ ਨਿਰਦੇਸ਼ਾਂ ਅਤੇ ਮਿਆਰਾਂ ਦੇ ਵਿਕਾਸ ਦਾ ਸਮਰਥਨ ਕਰਨ ਦੇ ਨਾਲ-ਨਾਲ ਸਰਕਾਰ ਦੀਆਂ ਖੋਜ ਤਰਜੀਹਾਂ ਦਾ ਨਿਰਣਾ ਕਰਨ ਵਿੱਚ ਮਦਦ ਕਰਨ ਅਤੇ ਭਾਈਚਾਰੇ ਨੂੰ ਹੋਣ ਵਾਲੇ ਨੁਕਸਾਨਾਂ ਨੂੰ ਰੋਕਣ ਲਈ ਇਹਨਾਂ ਨੂੰ ਸਾਂਝਾ ਕਰਨ ਤੋਂ ਪਹਿਲਾਂ ਸਾਲਾਨਾ ਅੰਕੜਿਆਂ ਦੀ ਸਮੀਖਿਆ ਕਰਨ ਦਾ ਕੰਮ ਸੌਂਪਿਆ ਗਿਆ ਹੈ।

"ਇਹ ਮਹੱਤਵਪੂਰਨ ਨਸਲਵਾਦ-ਵਿਰੋਧੀ ਡੇਟਾ ਐਕਟ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਬੀ.ਸੀ. ਇੱਕ ਅਜਿਹਾ ਸੂਬਾ ਬਣੇ ਜਿੱਥੇ ਨਸਲ ਦੀ ਪਰਵਾਹ ਕੀਤੇ ਬਿਨਾਂ, ਸਾਰੇ ਲੋਕ ਪ੍ਰਫੁੱਲਤ ਹੋ ਸਕਣ," ਕਮੇਟੀ ਦੇ ਚੇਅਰ ਡਾ. ਜੂਨ ਫ੍ਰਾਂਸਿਸ ਨੇ ਕਿਹਾ। ਨਸਲਵਾਦ-ਵਿਰੋਧੀ ਡੇਟਾ ਕਮੇਟੀ ਇਹਨਾਂ ਇੱਛਾਵਾਂ ਨੂੰ ਸਾਕਾਰ ਕਰਨ ਲਈ ਅਹਿਮ ਹੋਵੇਗੀ। ਇਸ ਕਮੇਟੀ ਦਾ ਗਠਨ ਇੰਡੀਜਨਸ ਅਤੇ ਨਸਲੀਕਿਰਤ ਭਾਈਚਾਰਿਆਂ ਦੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਕੀਤਾ ਗਿਆ ਹੈ ਅਤੇ ਇਹ ਯਕੀਨੀ ਬਣਾਉਣ ਲਈ ਸਖਤ ਮੇਹਨਤ ਕਰੇਗੀ ਕਿ ਪ੍ਰਣਾਲੀਗਤ ਨਸਲਵਾਦ ਅਤੇ ਜਨਤਕ ਖੇਤਰ ਵਿੱਚ ਸੇਵਾ ਵਿਚਲੀਆਂ ਰੁਕਾਵਟਾਂ ਨੂੰ ਹੱਲ ਕਰਨ ਲਈ ਕੀਤੇ ਗਏ ਵਾਅਦਿਆਂ ਨੂੰ ਪੂਰਾ ਕੀਤਾ ਜਾਵੇ। ਜਦ ਅਸੀਂ ਪ੍ਰਮੁੱਖ ਖੋਜ ਤਰਜੀਹਾਂ ਨੂੰ ਸਥਾਪਤ ਕਰਨ ਲਈ ਸਰਕਾਰ ਦੇ ਨਾਲ ਸਹਿਯੋਗ ਕਰ ਰਹੇ ਹਾਂ, ਇਸ ਵਿੱਚ ਭਾਈਚਾਰਿਆਂ ਨਾਲ ਕੰਮ ਕਰਨ ਦੀ ਇੱਕ ਨਿਰੰਤਰ ਪ੍ਰਕਿਰਿਆ ਸ਼ਾਮਲ ਹੋਵੇਗੀ, ਜਿਸ ਵਿੱਚ ਉਹਨਾਂ ਦੇ ਦ੍ਰਿਸ਼ਟੀਕੋਣ, ਅਤੇ ਸੱਭਿਆਚਾਰਕ ਸੁਰੱਖਿਆ ਨੂੰ ਬਣਾਈ ਰੱਖਣਾ ਸ਼ਾਮਲ ਹੋਵੇਗਾ। ਮੁੱਖ ਕੇਂਦਰ ਜਨਤਕ ਸੇਵਾ ਵਿੱਚ ਮੌਜੂਦ ਨਸਲੀ ਨਿਰਪੱਖਤਾ ਵਿੱਚ ਰੁਕਾਵਟਾਂ ਨੂੰ ਖਤਮ ਕਰਨ ਲਈ ਅੰਕੜਿਆਂ ਨੂੰ ਇਕੱਤਰ ਕਰਨਾ ਅਤੇ ਇਹਨਾਂ ਦੀ ਨਿਗਰਾਨੀ ਕਰਨਾ ਹੋਵੇਗਾ।"

ਕਮੇਟੀ ਦੇ ਕੰਮ ਬਾਰੇ ਹੋਰ ਜਾਣਨ ਲਈ ਜਾਓ: https://news.gov.bc.ca/27486

### ਕਮੇਟੀ ਮੈਂਬਰ

**ਜੂਨ ਫ੍ਰਾਂਸਿਸ (ਚੇਅਰ), ਕੋ-ਫਾਊਂਡਰ, ਕੋ-ਲੈਬੋਰੇਟੋਰਿਓ (CoLab Advantage Ltd.) ਅਤੇ ਐਂਟੀ-ਰੇਸਿਜ਼ਮ ਬਾਰੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਦੇ ਵਿਸ਼ੇਸ਼ ਸਲਾਹਕਾਰ**

ਫ੍ਰਾਂਸਿਸ ਨਸਲੀਕਿਰਤ ਗਰੁੱਪਾਂ ਲਈ ਨਿਰਪੱਖਤਾ, ਵਿਭਿੰਨਤਾ ਅਤੇ ਸੰਮਿਲਨ ਦੀ ਹਿਮਾਇਤੀ ਹੈ। ਉਹ ਹੋਗਨਜ਼ ਐਲੀ ਸੋਸਾਇਟੀ ਦੀ ਚੇਅਰ ਹੈ, ਜਿਸਦਾ ਟੀਚਾ ਰਿਹਾਇਸ਼, ਉਸਾਰੀਆਂ ਗਈਆਂ ਥਾਵਾਂ ਅਤੇ ਪ੍ਰੋਗਰਾਮਿੰਗ ਦੀ ਅਦਾਇਗੀ ਰਾਹੀਂ ਅਫ਼ਰੀਕੀ ਮੂਲ ਦੇ ਲੋਕਾਂ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਸਲਾਮਤੀ ਨੂੰ ਅੱਗੇ ਵਧਾਉਣਾ ਹੈ। ਉਹ SFU ਦੇ ਇੰਸਟੀਚਿਊਟ ਫਾਰ ਡਾਇਸਪੋਰਾ ਰਿਸਰਚ ਐਂਡ ਇਨਗੇਜਮੈਂਟ ਦੀ ਡਾਇਰੈਕਟਰ ਵੀ ਹੈ, ਜਿਸਦਾ ਟੀਚਾ ਬਹੁ-ਸੱਭਿਆਚਾਰਕ ਅਤੇ ਪ੍ਰਵਾਸੀ ਭਾਈਚਾਰਿਆਂ ਨਾਲ ਸੰਬੰਧਤ ਵਿਦਵਤਾਪੂਰਨ ਖੋਜ, ਨੀਤੀ ਅਤੇ ਅਭਿਆਸ ਅਤੇ ਨਵੀਨਤਾਕਾਰੀ, ਟਿਕਾਊ ਅਤੇ ਸੰਮਲਿਤ ਪਹਿਲਕਦਮੀਆਂ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਵਿਚਕਾਰ ਸੰਬੰਧਾਂ ਨੂੰ ਮਜ਼ਬੂਤ ਕਰਨਾ ਹੈ। ਇੱਕ ਉਦਯੋਗਪਤੀ ਵਜੋਂ, CoLab ਦੇ ਰਾਹੀਂ, ਫ੍ਰਾਂਸਿਸ ਕੰਮ ਦੀਆਂ ਥਾਵਾਂ ਦੇ ਸੱਭਿਆਚਾਰ, ਸਪਲਾਈ ਚੇਨਾਂ, ਨੀਤੀ, ਪ੍ਰੋਗਰਾਮਾਂ, ਭਾਈਵਾਲੀਆਂ ਅਤੇ ਸਰਵਿਸ ਡਿਜ਼ਾਈਨਾਂ ਵਿੱਚ ਇੰਡੀਜਨਸ, ਕਾਲੇ ਅਤੇ ਹੋਰ ਜਾਤੀਗਤ ਗਰੁੱਪਾਂ ਦੀ ਭਾਗੀਦਾਰੀ ਲਈ ਔਡਿਟ ਕਰਨ ਅਤੇ ਇਹਨਾਂ ਨਾਲ ਸਬੰਧਿਤ ਢਾਂਚਾਗਤ ਰੁਕਾਵਟਾਂ ਨੂੰ ਹੱਲ ਕਰਨ ਲਈ ਗਾਹਕਾਂ ਦੀ ਇੱਕ ਵਿਸ਼ਾਲ ਲੜੀ ਨਾਲ ਕੰਮ ਕਰਦੇ ਹਨ।

**ਸ਼ਰਲੀ ਚਾਓ, ਅਸੋਸੀਏਟ ਪ੍ਰੋਫੈਸਰ, ਸਕੂਲ ਔਫ ਸੋਸ਼ਲ ਵਰਕ, UBC ਓਕਨਾਗਨ**

ਚਾਓ ਨਸਲਵਾਦ-ਵਿਰੋਧੀ ਅਤੇ ਸੰਮਲਿਤ ਸ੍ਰੇਸ਼ਠਤਾ ਬਾਰੇ UBC ਪ੍ਰਧਾਨ ਦੀ ਟਾਸਕ ਫੋਰਸ ਦੀ ਕੋ-ਚੇਅਰ ਹੈ ਅਤੇ ਕਨੇਡੀਅਨ ਐਸੋਸੀਏਸ਼ਨ ਆਫ ਸੋਸ਼ਲ ਵਰਕ ਐਜੂਕੇਸ਼ਨ ਦੀ ਨਸਲ, ਨਸਲੀ ਮੂਲ ਅਤੇ ਸੱਭਿਆਚਾਰਕ ਮੁੱਦਿਆਂ ਦੇ ਕਾਕਸ ਦੀ ਸਾਬਕਾ ਚੇਅਰਮੈਨ ਅਤੇ ਕੋ-ਚੇਅਰ ਹੈ। ਉਹ ਕਲੋਨਾ ਵਿੱਚ ਔਰਗਨਾਇਜ਼ਿੰਗ ਅਗੇਨਸਟ ਰੇਸਿਜ਼ਮ ਅਤੇ ਹੇਟ ਕਮੇਟੀ ਨਾਲ ਕੰਮ ਕਰਦੀ ਹੈ, ਜਿੱਥੇ ਉਸਦਾ ਕੇਂਦਰ ਗਰੀਬੀ, ਲਿੰਗ, ਉਮਰ, ਰੇਸ਼ੀਅਲ-ਲਿੰਗਵਿਸਟਿਕ, ਧਰਮ ਅਤੇ ਅਪੰਗਤਾ ਦੇ ਆਧਾਰ 'ਤੇ ਨਸਲਵਾਦ ਅਤੇ ਜੁੜੇ ਭੇਦਭਾਵ ਨਾਲ ਸੰਬੰਧਿਤ ਮੁੱਦਿਆਂ ਦੀ ਨਿਗਰਾਨੀ ਕਰਨਾ ਅਤੇ ਹੱਲ ਲੱਭਣਾ ਹੈ।

**ਡੋਨਲਡ ਕੋਰੀਗਲ, ਕਲਚਰਲ ਵੈਲਨੈਸ ਮੈਨੇਜਰ, ਮੇਟੀ ਨੇਸ਼ਨ ਬੀ ਸੀ**

ਮੇਟੀ ਨੇਸ਼ਨ ਬੀ ਸੀ ਵਿਖੇ, ਕੋਰੀਗਲ ਬਹੁਤ ਸਾਰੇ ਮੁੱਦਿਆਂ 'ਤੇ ਸਿਹਤ-ਸੰਭਾਲ ਉਦਯੋਗ ਨਾਲ ਤਾਲਮੇਲ ਕਰਨ ਵਾਸਤੇ ਜ਼ਿੰਮੇਵਾਰ ਹੈ, ਜਿੰਨ੍ਹਾਂ ਵਿੱਚ 'ਇਨ ਪਲੇਨ ਸਾਈਟ ਰਿਪੋਰਟ' ਨੂੰ ਲਾਗੂ ਕਰਨਾ, 'ਮਿਸਿੰਗ ਐਂਡ ਮਰਡਰਡ ਇੰਡੀਜੀਨਸ ਵੂਮੈਨ ਐਂਡ ਗਰਲਜ਼ ਰਿਪੋਰਟ', ਅਤੇ 'ਟਰੂਥ ਐਂਡ ਰੀਕੰਸੀਲੀਏਸ਼ਨ ਕਾਲਜ਼ ਟੂ ਐਕਸ਼ਨ ਰਿਪੋਰਟ' ਸ਼ਾਮਲ ਹੈ। ਉਸਨੇ 1976 ਤੋਂ ਇਨਵਾਇਰਮੈਂਟਲ ਪਬਲਿਕ ਹੈਲਥ ਵਿੱਚ ਕੰਮ ਕੀਤਾ ਹੈ ਅਤੇ ਕੋਵਿਡ -19 ਮਹਾਂਮਾਰੀ ਦੌਰਾਨ ਕੋਵਿਡ ਕਲੀਨਿਕਾਂ ਵਿੱਚ ਪਹੁੰਚ ਅਤੇ ਪੱਖਪਾਤੀ ਅਤੇ ਨਸਲਵਾਦੀ ਘਟਨਾਵਾਂ ਦੇ ਮੁੱਦਿਆਂ 'ਤੇ ਬੀ.ਸੀ. ਇੰਟੀਰੀਅਰ ਵਿੱਚ ਵੱਖ-ਵੱਖ ਕਮੇਟੀਆਂ ਨਾਲ ਕੰਮ ਕੀਤਾ ਹੈ।

**ਮੈਰਿਅਨ ਐਰਿਕਸਨ, ਰੀਸਰਚ ਮੈਨੇਜਰ, ਹੈਲਥ ਆਰਟਜ਼ ਰੀਸਰਚ ਸੈਂਟਰ**

ਐਰਿਕਸਨ Nak’azdli ਕਮਿਊਨਿਟੀ ਨਾਲ ਸੰਬੰਧਤ ਇੱਕ Dakelh ਔਰਤ ਹੈ ਅਤੇ Lhts’umusyoo (Beaver) ਕਬੀਲੇ ਦੀ ਮੈਂਬਰ ਹੈ। ਐਰਿਕਸਨ ਥੌਮਪਸਨ ਰਿਵਰਜ਼ ਯੂਨੀਵਰਸਿਟੀ ਵਿਖੇ ਮਾਸਟਰ ਆਫ ਐਜੁਕੇਸ਼ਨ ਦੀ ਉਮੀਦਵਾਰ ਹੈ ਅਤੇ ਉਸਨੇ ਯੂਨੀਵਰਸਿਟੀ ਔਫ ਨੌਰਦਰਨ ਬੀ.ਸੀ. ਤੋਂ ਪਬਲਿਕ ਐਡਮਿਨਸਟ੍ਰੇਸ਼ਨ ਅਤੇ ਕਮਿਊਨਿਟੀ ਡਿਵੈਲਪਮੈਂਟ ਵਿੱਚ ਬੈਚਲਰ ਔਫ ਆਰਟਸ ਦੀ ਡਿਗਰੀ ਪ੍ਰਾਪਤ ਕੀਤੀ ਹੈ। ਐਰਿਕਸਨ ਬੀ ਸੀ ਹੈਲਥ ਰੈਗੂਲੇਟਰਜ਼ ਇੰਡੀਜਨਸ ਸਟੂਡੈਂਟ ਐਡਵਾਇਜ਼ਰੀ ਗਰੁੱਪ ਵਿੱਚ ਸੇਵਾ ਨਿਭਾਉਂਦੀ ਹੈ ਅਤੇ ਉਸਨੇ Nak'azdli ਬੈਂਡ ਲਈ ਟਰੱਸਟ ਡਿਵੈਲਪਮੈਂਟ ਕਮੇਟੀ ਅਤੇ ਸਿਟੀ ਆਫ ਪ੍ਰਿੰਸ ਜੌਰਜ ਸਟੂਡੈਂਟ ਨੀਡਜ਼ ਕਮੇਟੀ ਵਿੱਚ ਸੇਵਾ ਨਿਭਾਈ ਹੈ।

**ਦਲਜੀਤ ਗਿੱਲ-ਬਦੇਸ਼ਾ, ਇਨਸਟ੍ਰਕਟਰ, ਬੀ ਸੀ ਇਨਸਚੀਟਿਊਟ ਔਫ ਟੈਕਨੌਲੋਜੀ, ਗੈਸਟ ਲੈਕਚਰਾਰ, SFU**

ਗੈਰ-ਮੁਨਾਫਾ ਅਤੇ ਜਨਤਕ ਖੇਤਰਾਂ ਵਿੱਚ 25 ਤੋਂ ਵੱਧ ਸਾਲਾਂ ਦੀ ਸੀਨੀਅਰ ਲੀਡਰਸ਼ਿਪ ਦੇ ਨਾਲ, ਗਿੱਲ-ਬਦੇਸ਼ਾ ਇਕਜ਼ੈਕਿਟੀਵ ਮੈਨੇਜਮੈਂਟ, ਖੋਜ, ਨੌਲੇਜ ਮੋਬਲਾਇਜੇਸ਼ਨ, ਅਤੇ ਬੱਚਿਆਂ ਅਤੇ ਨੌਜਵਾਨਾਂ, ਬਜ਼ੁਰਗਾਂ, ਪ੍ਰਵਾਸੀਆਂ ਅਤੇ ਰੈਫਿਊਜੀ ਸੈਟਲਮੈਂਟ, ਅਤੇ ਪਹੁੰਚਯੋਗਤਾ ਅਤੇ ਸ਼ਮੂਲੀਅਤ ਦੇ ਪੋਰਟਫੋਲੀਓ ਲਈ ਨੀਤੀ ਵਿਕਾਸ ਵਿੱਚ ਮੁਹਾਰਤ ਰੱਖਦੀ ਹੈ। ਉਸਨੇ ਲੰਬੀ-ਮਿਆਦ ਦੀ ਭਾਈਚਾਰਕ ਯੋਜਨਾਬੰਦੀ ਲਈ ਅਵਾਰਡ-ਜੇਤੂ, ਵੱਡੇ-ਪੈਮਾਨੇ ਦੀਆਂ ਪਹਿਲਕਦਮੀਆਂ ਅਤੇ ਰਣਨੀਤੀਆਂ ਦਾ ਵਿਕਾਸ ਕੀਤਾ ਹੈ ਅਤੇ ਡੈਟਾ ਇਕੱਤਰ ਕਰਨ ਅਤੇ ਸਥਾਨਕ ਸਰਕਾਰ ਦੇ ਅੰਦਰ ਰਿਪੋਰਟ ਕਰਨ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਨੀਤੀਆਂ ਵਿੱਚ ਤਬਦੀਲੀਆਂ ਦੀ ਆਗਵਾਨੀ ਕੀਤੀ ਹੈ ਅਤੇ ਨਸਲਵਾਦ ਅਤੇ ਨਫ਼ਰਤ ਨਾਲ ਸੰਬੰਧਿਤ ਅੰਕੜਿਆਂ 'ਤੇ ਜਵਾਬਦੇਹੀ ਦੇ ਉਪਾਅ ਸ਼ਾਮਲ ਕੀਤੇ ਹਨ।

**ਜੈਸੀਕਾ ਗੱਸ, ਲੀਡਰ ਔਫ ਸਟ੍ਰੀਟੀਜਿਕ ਇਨੀਸ਼ੀਏਟਿਵਜ਼, ਇੰਡੀਜਨਸ ਹੈਲਥ ਵਿੱਚ ਬੀ ਸੀ ਪੇਸ਼ੰਟ ਸੇਫਟੀ ਐਂਡ ਕੁਆਲਿਟੀ ਕਾਉਂਸਿਲ**

ਗੱਸ ਕੋਲ ਬਿਜ਼ਨਸ ਐਡਮਿਨਸਟ੍ਰੇਸ਼ਨ ਅਤੇ ਮੈਨੇਜਮੈਂਟ ਵਿੱਚ 20 ਸਾਲਾਂ ਤੋਂ ਵੱਧ ਦਾ ਤਜਰਬਾ ਹੈ, ਜਿਸ ਵਿੱਚ ਇੰਡੀਜਨਸ ਸਿਹਤ ਅਤੇ ਤੰਦਰੁਸਤੀ ਵਿੱਚ ਸੱਤ ਸਾਲ ਵੀ ਸ਼ਾਮਲ ਹਨ। ਉਸ ਦਾ ਵੰਸ਼ਜ ਮਿਸ਼ਰਤ ਹੈ ਜਿਸ ਵਿੱਚ ਹਾਇਡਾ, Xaxli’p, Xwisten ਅਤੇ ਸਕੁਆਮਿਸ਼ ਦੇ ਨਾਲ-ਨਾਲ ਮਿਸ਼ਰਤ ਯੂਰਪੀਅਨ ਵੰਸ਼ਜ ਵੀ ਸ਼ਾਮਲ ਹਨ। ਉਸਦੇ ਕੰਮ ਦੇ ਤਜਰਬਿਆਂ ਨੇ ਨੀਤੀ, ਮਿਆਰਾਂ, ਪ੍ਰਕਿਰਿਆ ਦੇ ਵਿਕਾਸ ਅਤੇ ਵਿਸ਼ਲੇਸ਼ਣ ਵਿਚਲੀਆਂ ਉਸਦੀਆਂ ਯੋਗਤਾਵਾਂ ਨੂੰ ਮਜ਼ਬੂਤ ਕੀਤਾ ਹੈ ਤਾਂ ਜੋ ਨਸਲਵਾਦ-ਵਿਰੋਧੀ ਰਣਨੀਤੀਆਂ ਅਤੇ ਟੀਚਿਆਂ ਨਾਲ ਸੇਧਬੱਧ ਖੇਤਰਾਂ ਨੂੰ ਅੱਗੇ ਵਧਾਇਆ ਜਾ ਸਕੇ।

**ਐਲਨ ਕਿਮ, ਇਕੁਇਟੀ ਅਤੇ ਇਨਕਲੂਯਨ ਕਨਸਲਟੈਂਟ**

ਕਿਮ ਕੋਰੀਆ ਤੋਂ ਹੈ ਅਤੇ ਉਸ ਨੇ ਸਰਕਾਰਾਂ, ਕਾਰੋਬਾਰਾਂ ਅਤੇ ਗੈਰ-ਮੁਨਾਫਾ ਸੰਸਥਾਵਾਂ ਦੇ ਨਾਲ ਕੰਮ ਕੀਤਾ ਹੈ ਜਿੰਨ੍ਹਾਂ ਦਾ ਫੋਕਸ ਨਸਲਵਾਦ-ਵਿਰੋਧੀ 'ਤੇ ਕੇਂਦਰਿਤ ਹੈ। ਉਹ ਏਸ਼ੀਆਈ ਔਰਤਾਂ ਦੇ ਇੱਕ ਜ਼ਮੀਨੀ ਪੱਧਰ ਦੇ ਸਮੂਹ ਦੀ ਸਹਿ-ਅਗਵਾਈ ਕਰਦੀ ਹੈ ਜੋ ਏਸ਼ੀਆਈ-ਵਿਰੋਧੀ ਨਸਲਵਾਦ ਅਤੇ ਇਸਦੇ ਪ੍ਰਭਾਵਾਂ ਬਾਰੇ ਭਾਈਚਾਰੇ ਵੱਲੋਂ ਪ੍ਰਦਾਨ ਕੀਤੇ ਅੰਕੜਿਆਂ ਨੂੰ ਇਕੱਤਰ ਕਰਦੀਆਂ ਹਨ, ਵਿਸ਼ਲੇਸ਼ਣ ਕਰਦੀਆਂ ਹਨ, ਟਰੈਕ ਕਰਦੀਆਂ ਹਨ ਅਤੇ ਸਾਂਝਾ ਕਰਦੀਆਂ ਹਨ। ਇਸ ਤੋਂ ਪਹਿਲਾਂ, ਕਿਮ ਨੇ 10 ਸਾਲ ਕਮਿਊਨਿਟੀ ਡਿਵੈਲਪਮੈਂਟ ਅਤੇ ਫਰੰਟਲਾਈਨ ਸੋਸ਼ਲ ਸਰਵਿਸ ਡਿਲੀਵਰੀ ਵਿੱਚ ਕੰਮ ਕਰਦੇ ਹੋਏ ਵਿਸ਼ਵ ਭਰ ਵਿੱਚ ਬੇਇਨਸਾਫੀ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਨਾਲ ਬਿਤਾਏ ਸਨ।

**ਜ਼ਰੀਨ ਨਕਵੀ, ਡਾਇਰੈਕਟਰ, ਇੰਸਟੀਚਿਊਸ਼ਨਲ ਰਿਸਰਚ ਐਂਡ ਪਲੈਨਿੰਗ, ਸਾਈਮਨ ਫਰੇਜ਼ਰ ਯੂਨੀਵਰਸਿਟੀ**

ਨਕਵੀ ਨੇ ਬੌਸਟਨ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਵਿੱਚ ਪੀ ਐਚ ਡੀ ਪੂਰੀ ਕੀਤੀ ਅਤੇ ਵਿਸ਼ਵ ਬੈਂਕ ਵਿੱਚ ਇੱਕ ਅਕਾਦਮਿਕ ਅਤੇ ਅੰਤਰਰਾਸ਼ਟਰੀ ਵਿਕਾਸ ਪੇਸ਼ੇਵਰ ਵਜੋਂ ਕੰਮ ਕੀਤਾ। ਉਹ SFU ਵਿਖੇ ਨਿਰਪੱਖਤਾ, ਵਿਭਿੰਨਤਾ ਅਤੇ ਸਮਾਵੇਸ਼ ਡੈਟਾ ਵਰਕਿੰਗ ਗਰੁੱਪ ਦੀ ਅਗਵਾਈ ਕਰਦੀ ਹੈ ਅਤੇ ਡੈਟਾ ਗਵਰਨੈਂਸ ਕਾਊਂਸਿਲ ਅਤੇ ਹੋਰ ਸੰਬੰਧਿਤ ਪ੍ਰੋਜੈਕਟਾਂ ਦੀ ਸਹਿ-ਪ੍ਰਧਾਨਗੀ ਕਰਦੀ ਹੈ।

ਉਹ ਡੈਟਾ ਪਹੁੰਚ ਨੂੰ ਬਿਹਤਰ ਬਣਾਉਣ ਲਈ ਉਤਸੁਕ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਕਮਜ਼ੋਰ ਸਮੂਹਾਂ ਦੀ ਜਨਤਕ ਸੇਵਾਵਾਂ ਅਤੇ ਉੱਚ ਸਿੱਖਿਆ ਵਿੱਚ ਚੰਗੀ ਤਰ੍ਹਾਂ ਪ੍ਰਤੀਨਿਧਤਾ ਹੋਵੇ।

**ਸਮਿਥ ਓਡੂਰੋ-ਮਾਰਫੋ, ਲੀਡ ਔਥਰ ਅਤੇ ਰੀਸਰਚਰ, ਬਲੈਕ ਇਨ ਬੀ.ਸੀ. ਰਿਪੋਰਟ**

ਓਡੂਰੋ-ਮਾਰਫੋ ਨੇ ਵਿਕਟੋਰੀਆ ਯੂਨੀਵਰਸਿਟੀ ਤੋਂ ਪੋਲਿਟੀਕਲ ਸਾਇੰਸ ਵਿੱਚ ਪੀ ਐਚ ਡੀ ਕੀਤੀ ਹੈ। 2016 ਤੋਂ ਲੈਕੇ ਉਸਦੀ ਅਕਾਦਮਿਕ ਦਿਲਚਸਪੀ ਦਾ ਖੇਤਰ , ਡੈਟਾ ਸੁਰੱਖਿਆ, ਨਿਗਰਾਨੀ ਅਤੇ ਪਛਾਣ ਪ੍ਰਣਾਲੀਆਂ ਦੇ ਮੁੱਦਿਆਂ ਵਿੱਚ ਰਿਹਾ ਹੈ। ਉਹ ਬੀ ਸੀ ਸਰਕਾਰ ਦੁਆਰਾ ਫੰਡ ਕੀਤੀ ਗਈ ਅਤੇ ਫਰਵਰੀ 2022 ਵਿੱਚ ਜਾਰੀ ਕੀਤੀ ਗਈ 'ਬਲੈਕ ਇਨ ਬੀ ਸੀ ਰਿਪੋਰਟ' ਲਈ ਲੀਡ ਔਥਰ ਅਤੇ ਰੀਸਰਚਰ ਹਨ। ਉਹ ਐਂਡਿੰਗ ਵਾਇਲੈਂਸ ਐਸੋਸੀਏਸ਼ਨ ਆਫ ਬੀ ਸੀ ਦੇ ਨਸਲਵਾਦ-ਵਿਰੋਧੀ ਅਤੇ ਨਫ਼ਰਤ ਪ੍ਰਤੀਕਿਰਿਆ ਪ੍ਰੋਗਰਾਮ ਦੀ ਸਲਾਹਕਾਰ ਕਮੇਟੀ ਵਿੱਚ ਰਹੇ ਹਨ ਅਤੇ ਗਰੇਟਰ ਵਿਕਟੋਰੀਆ ਪੁਲਿਸ ਡਾਇਵਰਸਿਟੀ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਹਨ।

**ਜੈਕਲਿਨ ਕਵਿਨਲੈਸ, ਸੀ.ਈ.ਓ., ਕਵਿਨਟੀਸੈਨਸ਼ਲ ਰੀਸਰਚ ਗਰੁੱਪ**

ਇੱਕ ਸੋਸ਼ਿਓਲੋਜਿਸਟ, BIPOC ਖੋਜਕਰਤਾ ਅਤੇ ਆਇਰਿਸ਼/ਬ੍ਰਿਟਿਸ਼ ਅਤੇ ਭਾਰਤੀ ਨਸਲੀ ਮੂਲ ਦੇ ਦੋ-ਪੱਖੀ ਵਿਅਕਤੀ, ਕਵਿਨਲੈਸ ਨੇ ਲਿੰਗ-ਆਧਾਰਿਤ ਵਿਸ਼ਲੇਸ਼ਣ ਫਰੇਮਵਰਕਾਂ ਦੀ ਵਰਤੋਂ ਕਰਕੇ 20 ਸਾਲਾਂ ਤੋਂ ਵਧੇਰੇ ਸਮੇਂ ਤੋਂ ਇੰਡਜਨਸ ਭਾਈਚਾਰਿਆਂ ਵਿੱਚ ਵਿਆਪਕ ਤੌਰ 'ਤੇ ਕੰਮ ਕੀਤਾ ਹੈ। 2013 ਵਿੱਚ, ਉਸ ਨੂੰ ਕਨੇਡੀਅਨ ਸੋਸ਼ਿਓਲੋਜੀਕਲ ਐਸੋਸੀਏਸ਼ਨ ਅਤੇ ਐਂਗਸ ਰੀਡ ਫਾਊਂਡੇਸ਼ਨ ਦੁਆਰਾ ਉਸਦੀ ਭਾਈਚਾਰਾ-ਆਧਾਰਿਤ ਖੋਜ ਲਈ ਮਾਨਤਾ ਦਿੱਤੀ ਗਈ ਸੀ, ਜਿਸਨੇ ਕੈਨੇਡਾ ਵਿੱਚ ਇੰਡੀਜਨਸ ਲੋਕਾਂ ਲਈ ਮਨੁੱਖੀ ਭਲਾਈ ਨੂੰ ਅੱਗੇ ਵਧਾਇਆ ਹੈ। ਉਸ ਨੇ ਇੱਕ ਖੋਜ ਸਮਰੱਥਾ ਵਿੱਚ ਫਰਸਟ ਨੇਸ਼ਨਜ਼ ਭਾਈਚਾਰਿਆਂ ਲਈ ਕੰਮ ਕੀਤਾ ਹੈ, ਜਿਸ ਵਿੱਚ ਡੈਟਾ ਸੂਚਕਾਂ ਅਤੇ ਉਪਾਵਾਂ ਨੂੰ ਮਾਪਣ ਦੇ ਸਾਧਨਾਂ ਦੀ ਰੂਪ-ਰੇਖਾ ਉਲੀਕਣਾ ਵੀ ਸ਼ਾਮਲ ਹੈ।

**ਸੁੱਖੀ ਸੰਧੂ, ਕੋ-ਫਾਊਂਡਰ, ਵੇਕ ਅੱਪ ਸਰ੍ਹੀ; ਮਾਸਟਰਜ਼ ਦੇ ਵਿਦਿਆਰਥੀ, ਡਾਇਵਰਸਿਟੀ, ਇਕੁਇਟੀ ਅਤੇ ਇਨਕਲੂਯਨ, ਟੱਫਟਸ ਯੂਨੀਵਰਸਿਟੀ**

ਸੰਧੂ ਇੱਕ ਭਾਈਚਾਰਕ ਕਾਰਕੁੰਨ ਹਨ ਅਤੇ ਵੇਕ ਅੱਪ ਸਰ੍ਹੀ ਦੇ ਇੱਕ ਸੰਸਥਾਪਕ ਮੈਂਬਰ ਹਨ, ਜੋ ਕਿ ਇੱਕ ਜ਼ਮੀਨੀ ਪੱਧਰ ਦੀ ਭਾਈਚਾਰਕ ਸੰਸਥਾ ਹੈ ਜੋ 2018 ਵਿੱਚ ਵੱਧ ਰਹੀ ਗੈਂਗ ਹਿੰਸਾ ਅਤੇ ਦੱਖਣ ਏਸ਼ੀਆਈ ਨੌਜਵਾਨਾਂ ਨੂੰ ਨਿਸ਼ਾਨਾ ਬਣਾਕੇ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਵਾਬੀ ਪ੍ਰਤੀਕਿਰਿਆ ਵਜੋਂ ਬਣਾਈ ਗਈ ਸੀ। ਉਸਨੇ ਸਰਕਾਰ ਦੇ ਸਾਰੇ ਪੱਧਰਾਂ, ਪੁਲਿਸ ਅਧਿਕਾਰੀਆਂ, ਭਾਈਚਾਰੇ ਦੇ ਹਿੱਤਧਾਰਕਾਂ, ਸਿੱਖਿਅਕਾਂ, ਮਾਨਸਿਕ ਸਿਹਤ ਮਾਹਰਾਂ ਅਤੇ ਪੀੜਤ ਪਰਿਵਾਰਾਂ ਨਾਲ 150 ਤੋਂ ਵੱਧ ਮੀਟਿੰਗਾਂ ਵਿੱਚ ਭਾਗ ਲੈ ਕੇ ਗਰੁੱਪ ਦੀ ਪਹੁੰਚ ਦੀ ਅਗਵਾਈ ਕੀਤੀ ਹੈ। ਸੰਧੂ ਕੋਲ ਗਲੋਬਲ ਖੇਡ ਮੈਨੇਜਮੈਂਟ ਵਿੱਚ ਕਈ ਸਾਲਾਂ ਦਾ ਤਜਰਬਾ ਵੀ ਹੈ।

## ਅਗਲੇ ਕਦਮ

ਪ੍ਰਣਾਲੀਗਤ ਨਸਲਵਾਦ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਵਿਆਪਕ ਹੈ, ਅਤੇ ਅਸੀਂ ਇਸਨੂੰ ਹੱਲ ਕਰਨ ਲਈ ਹੁਣੇ ਕਾਰਵਾਈ ਕਰਨ ਲਈ ਵਚਨਬੱਧ ਹਾਂ। ਅਸੀਂ ਆਉਣ ਵਾਲੇ ਮਹੀਨਿਆਂ ਵਿੱਚ ਹੇਠਾਂ ਦਿੱਤੇ ਕਦਮ ਚੁੱਕਾਂਗੇ:

2 ਮਈ, 2022 ਨੂੰ ਅਸੀਂ ਇੰਡੀਜਨਸ ਲੋਕਾਂ ਅਤੇ ਨਸਲੀ ਭਾਈਚਾਰਿਆਂ ਨਾਲ ਸਹਿ-ਵਿਕਸਤ ਨਸਲਵਾਦ ਵਿਰੋਧੀ ਡੇਟਾ ਐਕਟ ਪੇਸ਼ ਕਰਾਂਗੇ। ਇਹ ਐਕਟ 2 ਜੂਨ, 2022 ਵਿੱਚ ਕਾਨੂੰਨ ਬਣਿਆ ਸੀ।

- ਕਾਨੂੰਨ ਦੋ ਵੱਡੇ ਟੀਚਿਆਂ ਨੂੰ ਸੰਬੋਧਿਤ ਕਰੇਗਾ:
  - ਡੇਟਾ ਇਕੱਠਾ ਕਰਨ ਨੂੰ ਇਸ ਤਰੀਕੇ ਨਾਲ ਪੇਸ਼ ਕਰਨਾ ਜਿਸ ਨਾਲ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ
  - ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਵਰਤਣ ਅਤੇ ਪ੍ਰਗਟ ਕਰਨ ਲਈ ਭਰੋਸੇਯੋਗ ਪਹੁੰਚਾਂ ਦੀ ਸਥਾਪਨਾ ਕਰਨਾ।

ਦੂਜਾ, ਕਾਨੂੰਨ ਇਹ ਪਛਾਣ ਕਰਨ ਲਈ ਕਿ ਕਿੱਥੇ ਪ੍ਰਣਾਲੀਗਤ ਨਸਲਵਾਦ ਹੋ ਰਿਹਾ ਹੈ ਅਤੇ ਇੱਕ ਵਧੇਰੇ ਸਮਾਵੇਸ਼ੀ, ਬਰਾਬਰੀ ਵਾਲਾ ਸੂਬਾ ਬਣਾਉਣ ਲਈ ਜਨਸੰਖਿਆ ਸੰਬੰਧੀ ਡੇਟਾ ਦੇ ਇਕਸਾਰ ਅਤੇ ਸੁਰੱਖਿਅਤ ਸੰਗ੍ਰਹਿ, ਵਰਤੋਂ ਅਤੇ ਖੁਲਾਸੇ ਨੂੰ ਸਮਰੱਥ ਕਰੇਗਾ। ਅਸੀਂ ਇਸ ਨਵੇਂ

ਕਾਨੂੰਨ ਲਈ ਇੱਕ ਮਜ਼ਬੂਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਪਰਿਪਾਲਣ ਯੋਜਨਾ ਨੂੰ ਵਿਕਸਤ ਕਰਨ ਲਈ ਭਾਈਚਾਰਿਆਂ ਨਾਲ ਜੁੜਨਾ ਅਤੇ ਕੰਮ ਕਰਨਾ ਜਾਰੀ ਰੱਖਾਂਗੇ।

- ਇਹ ਕਾਨੂੰਨ ਨਸਲਵਾਦ ਨਾਲ ਨਜਿੱਠਣ ਲਈ ਡੇਟਾ ਇਕੱਠਾ ਕਰਨ ਅਤੇ ਵਰਤਣ ਲਈ ਬਹੁਤ ਸਾਰੇ ਲੋਕਾਂ ਦਾ ਪਹਿਲਾ ਕਦਮ ਹੈ। ਇੱਕ ਵਾਰ ਕਾਨੂੰਨ ਮਨਜ਼ੂਰ ਹੋ ਜਾਣ ਤੋਂ ਬਾਅਦ, ਅਸੀਂ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਮਿਲ ਕੇ ਇੱਕ ਯੋਜਨਾ ਬਣਾਵਾਂਗੇ, ਜੋ ਹਰ ਕਦਮ 'ਤੇ ਸ਼ਾਮਲ ਹੋਣਗੇ।
- ਇਹ ਯੋਜਨਾ ਮੌਜੂਦਾ ਨੀਤੀ ਅਤੇ ਪ੍ਰੋਗਰਾਮਾਂ 'ਤੇ ਵਿਸਤਾਰ ਕਰੇਗੀ, ਅਤੇ ਡੇਟਾ ਨੂੰ ਇਕੱਤਰ ਕਰਨ ਅਤੇ ਉਹਨਾਂ ਤਰੀਕਿਆਂ ਨਾਲ ਵਰਤਣ ਲਈ ਮਾਰਗਦਰਸ਼ਨ, ਸਿਖਲਾਈ, ਔਜ਼ਾਰਾਂ ਅਤੇ ਗਤੀਵਿਧੀਆਂ ਦਾ ਵਿਕਾਸ ਕਰੇਗੀ ਜੋ ਲਾਭਕਾਰੀ ਅਤੇ ਉਚਿਤ ਹਨ।
- BC ਸਰਕਾਰ *ਇੰਡੀਜਨਸ ਲੋਕਾਂ ਦੇ ਅਧਿਕਾਰਾਂ ਦੇ ਐਕਟ* (*Declaration on the Rights of Indigenous Peoples Act*) *'ਤੇ ਘੋਸ਼ਣਾ ਪੱਤਰ* ਦੇ ਅਨੁਸਾਰ ਇੰਡੀਜਨਸ ਡੇਟਾ ਗਵਰਨੈਂਸ ਫਰੇਮਵਰਕ ਅਤੇ ਉਹਨਾਂ ਦੀਆਂ ਡੇਟਾ ਤਰਜੀਹਾਂ ਦਾ ਸਮਰਥਨ ਕਰਨ ਲਈ ਇੰਡੀਜਨਸ ਲੋਕਾਂ ਨਾਲ ਸਾਂਝੇਦਾਰੀ ਵਿੱਚ ਵੀ ਕੰਮ ਕਰੇਗੀ।

ਸਾਨੂੰ ਇਸ ਬਾਰੇ ਸਪੱਸ਼ਟ ਹੋਣ ਦੀ ਜ਼ਰੂਰਤ ਹੋਏਗੀ ਕਿ ਅਸੀਂ ਡੇਟਾ ਦੀ ਵਰਤੋਂ ਕਰਨ ਦੀ ਯੋਜਨਾ ਕਿਵੇਂ ਬਣਾਉਂਦੇ ਹਾਂ, ਅਸੀਂ ਇਸਨੂੰ ਕਿਵੇਂ ਸੰਰੱਖਿਅਤ ਅਤੇ ਸੁਰੱਖਿਅਤ ਰੱਖਾਂਗੇ, ਅਸੀਂ ਲੋਕਾਂ ਦੀ ਗੋਪਨੀਯਤਾ ਦੀ ਰੱਖਿਆ ਕਿਵੇਂ ਕਰਾਂਗੇ ਅਤੇ ਕਿਹੜੇ ਹਾਲਾਤਾਂ ਵਿੱਚ ਡੇਟਾ ਤੱਕ ਪਹੁੰਚ ਕਰਨ ਦੇ ਯੋਗ ਹੋਵਾਂਗੇ। ਇਹ ਸਭ ਇੰਡੀਜਨਸ, ਬਲੈਕ ਐਂਡ ਪੀਪਲ ਔਫ ਕਲਰ (IBPOC) ਦੇ ਸਹਿਯੋਗ ਨਾਲ ਤੈਅ ਕੀਤਾ ਜਾਵੇਗਾ।

ਲੋਕਾਂ ਅਤੇ ਭਾਈਚਾਰਿਆਂ ਦੀ ਚੱਲ ਰਹੀ ਇਨਪੁਟ ਅਤੇ ਸ਼ਮੂਲੀਅਤ, ਨਾਲ ਹੀ BC ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ ਅਤੇ ਸੂਚਨਾ ਅਤੇ ਗੋਪਨੀਯਤਾ ਕਮਿਸ਼ਨਰ ਦੇ ਦਫ਼ਤਰ, ਕਿਸੇ ਵੀ ਸੰਭਾਵੀ ਅਣਇੱਛਤ ਵਿਅਕਤੀਗਤ ਅਤੇ ਭਾਈਚਾਰਕ ਨੁਕਸਾਨਾਂ ਦੀ ਪਛਾਣ ਕਰਨ ਅਤੇ ਰੋਕਣ ਵਿੱਚ ਸਾਡੀ ਮਦਦ ਕਰਨਗੇ।

ਇਸ ਕਾਨੂੰਨ ਤਹਿਤ ਇੱਕ ਨਵੀਂ ਸੂਬਾਈ ਨਸਲਵਾਦ-ਵਿਰੋਧੀ ਡੇਟਾ ਕਮੇਟੀ ਦੀ ਸਿਰਜਣਾ ਕਰਨਾ ਇੱਕ ਪ੍ਰਮੁੱਖ ਵਚਨਬੱਧਤਾ ਹੈ। ਇਹ ਕਮੇਟੀ ਖੋਜ ਤਰਜੀਹਾਂ ਦਾ ਵਿਕਾਸ ਕਰਨ ਲਈ ਅਤੇ ਇਹ ਨਿਰਣਾ ਕਰਨ ਲਈ ਕਿ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਵਾਸਤੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਜਨਤਕ ਖੇਤਰ ਵਿੱਚ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਕਰਨ ਅਤੇ ਇਹਨਾਂ ਨੂੰ ਖਤਮ ਕਰਨ ਲਈ ਅੰਕੜਿਆਂ ਨੂੰ ਇਕੱਤਰ ਕਰਨਾ ਅਤੇ ਇਹਨਾਂ ਨੂੰ ਕਿਵੇਂ ਖਤਮ ਕਰਨਾ ਹੈ, ਸਰਕਾਰ ਨਾਲ ਸਹਿਯੋਗ ਕਰਨ ਲਈ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠਾ ਕਰੇਗੀ। ਇਸ ਕਮੇਟੀ ਦੀ ਮੈਂਬਰਸ਼ਿਪ ਦਾ ਐਲਾਨ ਸਤੰਬਰ 2022 ਵਿੱਚ ਕੀਤਾ ਗਿਆ ਸੀ।

ਅਸੀਂ ਇਸ ਕਾਨੂੰਨ ਨਾਲ ਅੱਗੇ ਵਧਦੇ ਹੋਏ ਹਰ ਪੜਾਅ 'ਤੇ ਇੰਡੀਜਨਸ ਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਜੁੜਨਾ ਅਤੇ ਗੱਲਬਾਤਕਰਨਾ ਜਾਰੀ ਰੱਖਾਂਗੇ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਬਹੁਤ ਜ਼ਿਆਦਾ ਲੋੜੀਂਦੇ ਪ੍ਰਣਾਲੀਗਤ ਬਦਲਾਅ ਨੂੰ ਚਲਾਉਣ ਲਈ ਡੇਟਾ ਦੀ ਸ਼ਕਤੀ ਨੂੰ ਵੱਧ ਤੋਂ ਵੱਧ ਕਰਦੇ ਹੋਏ ਇਹ ਕੰਮ ਹੋਰ ਪੱਖਪਾਤ ਅਤੇ ਵਿਤਕਰੇ ਤੋਂ ਬਚਣ ਲਈ ਬਹੁਤ ਸਾਵਧਾਨੀ ਨਾਲ

ਕੀਤਾ ਜਾਵੇ।

**ਨਸਲਵਾਦ ਵਿਰੋਧੀ ਡੇਟਾ ਕਾਨੂੰਨ ਪੇਸ਼ ਕਰਨਾ**

ਬਸੰਤ 2022

ਇੰਡੀਜਨਸ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਸਹਿ-ਵਿਕਸਤ

**ਪਰਿਪਾਲਣ ਯੋਜਨਾ ਵਿਕਸਿਤ ਕਰਨਾ**

ਪਰਿਪਾਲਣ ਯੋਜਨਾ ਵਿਕਸਿਤ ਕਰਨ ਲਈ ਭਾਈਚਾਰਿਆਂ ਨਾਲ ਜੁੜਨਾ ਅਤੇ ਕੰਮ ਕਰਨਾ

**ਡੇਟਾ ਗਵਰਨੈਂਸ ਫਰੇਮਵਰਕ ਅਤੇ ਡੇਟਾ ਤਰਜੀਹਾਂ ਦਾ ਸਮਰਥਨ ਕਰਨਾ**

ਇੰਡੀਜਨਸ ਡੇਟਾ ਗਵਰਨੈਂਸ ਫਰੇਮਵਰਕ ਅਤੇ ਉਹਨਾਂ ਦੀਆਂ ਡੇਟਾ ਤਰਜੀਹਾਂ ਦਾ ਸਮਰਥਨ ਕਰਨ ਲਈ ਇੰਡੀਜਨਸ ਲੋਕਾਂ ਨਾਲ ਭਾਈਵਾਲੀ ਕਰੋ

**ਜੁੜਨਾ ਅਤੇ ਸੰਚਾਰ ਕਰਨਾ**

ਹੋਰ ਪੱਖਪਾਤ ਅਤੇ ਵਿਤਕਰੇ ਤੋਂ ਬਚਣ ਲਈ ਹਰ ਪੜਾਅ 'ਤੇ ਇੰਡੀਜਨਸਲੋਕਾਂ ਅਤੇ ਨਸਲੀਕਿਰਤ ਭਾਈਚਾਰਿਆਂ ਨਾਲ ਜੁੜਨਾ ਅਤੇ ਗੱਲਬਾਤ ਕਰਨਾ ਜਾਰੀ ਰੱਖਣਾ